੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖਾਲਸਾ ਸਮਾਚਾਰ

## Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ

Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੪ ਜਿਲਦ ੩੧ ੧੭-੨੩ ਦਸੰਬਰ ੨੦੨੦, ੩-੯ ਪੋਹ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-

Issue 4 Volume 31, 17-23 December 2020
Yearly Subscription India 250/-, Abroad 2500/- and Life Membership India 2500/-, Abroad 25000/-




**ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।**
**ਸਾਧਨਿ ਹੇਤਿ ਇਤੀ ਜਿਨਿ ਕਰੀ। ਸੀਸੁ ਦੀਆ ਪਰ ਸੀ ਨ ਉਚਰੀ।**

## ਅੰਦਰ


- ਭਾਈ ਜੈਤਾ ਦਾ ਦਿੱਲੀ ਤੋਂ ਆਨੰਦਪੁਰ ਤੱਕ ਦਾ ਸਫ਼ਰ 3
- ਕਿਸਾਨ ਅੰਦੋਲਨ 5
- ਕਿਸਾਨ ਅੰਦੋਲਨ ਨੂੰ ਸਮਰਪਿਤ ਕਵਿਤਾਵਾਂ 6
- Guru Tegh Bahadur and Religious Freedom 7
- ਰਿਪੋਰਟ : ਸਾਹਿਤ-ਸਿਨੇਮਾ ਦੇ ਸੰਬੰਧਾਂ ਬਾਰੇ ਹੋਈ ਚਰਚਾ 8
- Dr. N.S. Kapany 9
- ਝਲਕੀਆਂ 10
- ਸ਼ਬਦ ਵਿਆਖਿਆ 11
- ਰਿਪੋਰਟ : ਭਾਈ ਵੀਰ ਸਿੰਘ ਦਾ 148ਵਾਂ ਜਨਮ-ਦਿਵਸ 12


**ਸ਼ਹੀਦੀ ਪੁਰਬ ਗੁਰੂ ਤੇਗ਼ ਬਹਾਦਰ ਸਾਹਿਬ : 19 ਦਸੰਬਰ**

# ਕੀਨੋ ਬਡੋ ਕਲੂ ਮਹਿ ਸਾਕਾ।

**❖ ਭਾਈ ਸਾਹਿਬ ਭਾਈ ਵੀਰ ਸਿੰਘ**

ਹਿੰਦੁਸਤਾਨ ਸਦੀਆਂ ਦੀ ਮਾਰ ਖਾਂਦਾ ਅਪਣੀ ਸੁਰਤ ਵੀ ਗੁਆ ਬੈਠਾ ਸੀ, ਪੱਛਮੋਤ੍ਰੋਂ ਜੋ ਜਰਵਾਣਾ ਆਇਆ ਜ਼ੁਲਮ ਤੇ ਸਖਤੀਆਂ ਕਰਕੇ ਮਾਲਕ ਬਣ ਬੈਠਾ। ਸਮਾਂ ਪਾ ਕੇ ਉਹ ਨਿਤਾਣਾ ਹੋ ਗਿਆ, ਹੋਰ ਬਿਦੇਸ਼ੀ ਆਇਆ, ਉਹ ਮਾਲਕ ਬਣ ਬੈਠਾ। ਦੇਸ਼ ਵਾਸੀਆਂ ਨੂੰ ਜਿਨ੍ਹਾਂ ਦੇ ਘਰ ਬਾਰ ਭੂਈਂ, ਮਾਲ, ਮਿਲਖ ਇਥੇ, ਜਿਨ੍ਹਾਂ ਦੇ ਖ਼ੂਨ ਇਥੋਂ ਦੀ ਮਿੱਟੀ ਦੇ ਬਣੇ, ਜਿਨ੍ਹਾਂ ਦੇ ਬਜ਼ੁਰਗਾਂ ਦੀਆਂ ਯਾਦਗਾਰਾਂ ਇਸ ਮੰਡਲ ਵਿਚ ਗੂੰਜ ਰਹੀਆਂ, ਜਿਨ੍ਹਾਂ ਦੇ ਧਰਮ ਮੰਦਰ, ਪਿਆਰ ਮੰਦਰ ਪਵਿੱਤ੍ਰ ਥਾਨ ਇਥੇ, ਜਿਨ੍ਹਾਂ ਦੇ ਦਿਮਾਗ਼ ਨੇ ਇਹ ਥਾਂ ਧਰਤੀ ਵਿਚੋਂ ਉੱਚਾ ਸੁੱਚਾ-ਭਾਰਤ ਵਰਸ਼-ਮੰਨ ਰੱਖਜਾ ਸੀ, ਜਿਨ੍ਹਾਂ ਨੇ ਫ਼ਿਲਸਫ਼ਾ ਦੇ ਭੇਤ ਖੋਲ੍ਹ ਲਏ ਸਨ ਉਨ੍ਹਾਂ ਨੂੰ ਐਉਂ ਆ ਕੇ ਵਹਿਸ਼ੀ ਤਾਕਤ ਨਾਲ ਕੁੱਟਿਆ ਕਿ ਜਿਵੇਂ ਰੂੰ ਪਿੰਜੀਦੀ ਹੈ। ਦੇਸ਼ ਵਾਸੀ ਨਿੱਤ ਮਾਰਾਂ ਖਾਂਦੇ, ਦੁਬੇਲ ਹੁੰਦੇ ਐਉਂ ਫੁਟੇ ਸਨ ਕਿ ਜੋ ਜਰਵਾਣਾ ਆਇਆ ਉਸ ਦੇ ਗੋਲੇ ਬਣ ਗਏ; ਉਸੇ ਦਾ ਵੇਸ ਧਾਰ ਲਿਆ, ਉਸੇ ਦੀ ਰਹਿਤੇ ਬਹਿਤੇ ਹੋ ਗਏ। ਜੇ ਉਹ ਹਲਾਲ ਖਾਂਦਾ ਹੈ ਤਾਂ ਇਨ੍ਹਾਂ ਝਟਕਾ ਛੱਡ ਦਿੱਤਾ, ਜੇ ਉਹ 'ਵੀਰ ਸ਼ੁਕਰ' ਨੂੰ ਮਨਾਉਂਦਾ ਹੈ ਤਾਂ ਇਹ ਵੀ ਵੀਰ ਸ਼ੁਕਰ ਨੂੰ ਸ਼ਰੀਣੀਆਂ ਵੰਡ ਤੁਰੇ। ਜੇ ਉਹ ਰੋਜ਼ੇ ਰਖਕੇ ਸਿਹਰਗੀ ਖਾਂਦਾ ਹੈ ਤਾਂ ਇਹ ਬੀ ਆਪਣੇ ਵਰਤਾਂ ਦੀਆਂ ਸਿਹਰਗੀਆਂ ਖਾਣ ਲੱਗੇ। ਜਦ ਪੁਰਾਣਾਂ ਜ਼ਾਲਮ ਮਰਿਆ, ਨਵਾਂ ਆਇਆ ਤਾਂ ਮੁਹਰਾਂ ਦੇ ਥਾਲ ਲੈ ਮਿਲੇ, ਚਰਨ ਫੜ ਲਏ ਤੇ ਚਾਕਰੀ ਮੰਗੀ। ਦੇਸ਼ ਕੀ ਹੈ, ਦੇਸ਼ ਦਾ ਕੀ ਕਰਨਾ ਹੈ, ਅਣਖ ਆਨ, ਇੱਜ਼ਤ ਦੀ ਮੌਤ ਕੋਈ ਸ਼ੈ ਹੈ, ਕੋਈ ਨਹੀਂ ਸੀ ਵੀਚਾਰਦਾ, ਸਭ ਭਾਵ ਮੁੱਕ ਚੁਕੇ ਸਨ। ਰਾਜੇ ਰਾਣੇ, ਗਰਦਨ ਫਿਰਾਜ਼ ਰਾਜਪੂਤ ਤੇ ਭੂਪਤਿ ਧੀਆਂ ਦੇ ਡੋਲੇ ਲੈ ਮਿਲੇ, ਗ਼ੈਰਤ ਗ਼ਰਦ ਵਿਚ ਮਿਟ ਚੁਕੀ ਸੀ। ਹਿੰਦੀ ਯਾ ਹਿੰਦੂ, ਜਿਨ੍ਹਾਂ ਦਾ ਇਹ ਦੇਸ਼ ਸਦੀਆਂ ਤੋਂ ਵਤਨ ਸੀ, ਇਕ ਮੁਰਦਿਆਂ ਦੀ ਗਿਣਤੀ ਦਾ ਢੇਰ, ਬਨ ਵਿਚੋਂ ਕੱਟੇ ਪਏ ਮੋਹੜਿਆਂ ਵਾਂਙੂ ਪਿਆ ਸੀ:-

**ਕਈ ਢੇਰ ਲੱਗੇ ਲੱਕੜੀ, ਨਾ ਤੁੱਲ ਸਕਦੇ ਤੱਕੜੀ,**
**ਜਿਉਂ ਸੈਲ ਪਏ ਮੁਰਦੇ, ਜਿੰਦ-ਨਿਘ ਨਹੀਂ ਰਾਈ।**

ਹਾਂ, 'ਸਤਿਗੁਰ' ਬਿਜਲੀ ਆਕੇ ਕੜਕ ਪਈ:- ਆ ਕੜਕ ਪਈ ਬਿਜਲੀ, ਛੁਹ ਲੱਗ ਗਈ ਰੰਗਲੀ, ਭਾ ਚਮਕ ਪਈ ਨੂਰੀ, ਬਲ ਜਿੰਦ ਉਠ ਸੁਆਈ।

ਹਾਂ, 'ਸਤਿਗੁਰ ਜੋਤੀ' ਇਸ 'ਆਰਯਾਵਰਤ' ਇਸ ਭਾਰਤ ਵਰਸ਼ ਵਿਚ ਆ ਚਮਕੀ, ਜਿਸ ਨੇ ਮੁਰਦਿਹਾਨ ਤੇ ਸੜ੍ਹਾਂਦ ਵਿਚ ਅੱਗ ਦਾ ਭਬਾਕਾ ਲਾ ਦਿੱਤਾ। ਦਿਲਾਂ ਉਤੇ ਹਨੇਰਾ ਛਾ ਰਿਹਾ ਸੀ, ਕੋਈ ਰਾਹ ਨਹੀਂ ਸੀ। ਦੁੱਖ ਬੀ ਗ਼ੁਲਾਮੀ ਦਾ ਸੀ, ਹਾਵੇ ਗ਼ੁਲਾਮੀ ਦੇ ਭਰਦੇ ਸਨ, ਦੁੱਖਾਂ ਨੂੰ ਦੁਖ ਤਾਂ ਸਮਝਦੇ ਸਨ, ਪਰ ਇਹ ਅਹਿਸਾਸ (ਪ੍ਰਤੀਤੀ) ਕਿ ਇਹ 'ਦੁੱਖ ਪੀੜਾ' ਗ਼ੁਲਾਮੀ ਦੀ ਹੈ, ਖੁਲ੍ਹ ਦੇ ਖੁਹਾ ਬਹਿਣ ਦੀ ਹੈ, ਹਾਂ, ਇਹ ਪ੍ਰਤੀਤੀ ਮਰ ਚੁਕੀ ਸੀ, ਦਿਲਾਂ ਤੇ ਛਾ ਰਿਹਾ ਸੀ ਅੰਧਕਾਰ:-

ਅੰਧਕਾਰ ਅਵਿੱਦਜਾ ਦਾ, ਅੰਧਕਾਰ ਗ਼ੁਲਾਮੀ ਦਾ, ਅੰਧਕਾਰ ਦੁੱਖਾਂ ਦਾ, ਅੰਧਕਾਰ ਖ਼ੁਦਗਰਜ਼ੀ ਦਾ, ਅੰਧਕਾਰ ਪਿੰਜਰੇ ਪਏ ਬਟੇਰਿਆਂ ਦਾ, ਹਾਂ ਖੁਲ੍ਹ ਨੂੰ ਭੁੱਲਕੇ ਪਿੰਜਰੇ ਵਿਚ ਪੈ ਕੇ ਵੀ ਖਾਨਾਂ ਜੰਗੀ ਦਾ ਅੰਧਕਾਰ।


**ਹਾਂ, ਰਾਤ ਅੰਨ੍ਹੇਰਾ ਏ, ਜਿਨ ਘੇਰ ਲਈ ਧਰਤੀ,**
**ਪੈ ਰਹੀ ਉਦਾਸੀ ਏ, ਛਾ ਰਹੀ ਏ ਉਦਰਾਈ।**

ਹੁਣ ਗੁਰ ਜੋਤਿ ਵੱਲ ਤੱਕੋ:-

ਬਣ ਸੂਰਜ ਆਏ ਹੋ, 'ਛੁਹ-ਚਾਨਣ' ਲਿਆਏ ਹੋ, ਇਕ 'ਚਾਨਣ-ਧੱਕਾ ਹੋ, ਆ 'ਨੂਰ-ਚਮਕ' ਲਾਈ। ਹਾਂ, ਮੌਤ ਮਰਾਈ ਜੇ, ਜਿੰਦ ਨੂਰ ਵਸਾਇਆ ਜੇ,

**ਇਕ ਪਲਕ ਨਾ ਲੱਗੀ ਏ, ਹਾਂ, ਇਹੋ ਬਿਰਦ ਸਾਈਂ!**

ਹਾਂ ਗੁਰੂ ਤੇਗ ਬਹਾਦਰ ਜੀ ਦਾ ਸਾਕਾ ਮੁਰਦੇ ਖ਼ਿਰਮਨਾਂ ਵਿਚ ਬਿਜਲੀ ਦਾ ਕੜਾਕਾ ਆ ਪਿਆ। ਦਿਲ ਝੰਜੂਣੇ ਗਏ। ਇਕ 'ਚਾਨਣ ਮੁਨਾਰਾ' ਨੀਲੇ ਸਮੁੰਦਰਾਂ ਵਿਚ ਖੜਾ ਹੋ ਕਾਲੇ ਹੋਏ ਅਸਮਾਨਾਂ ਵਿਚ ਚਮਕ ਪਿਆ। ਜਾਨ-ਸਰੀਰ-ਇਕ ਖੇਡਣ ਵਾਸਤੇ ਸ਼ੈ ਹੈ, ਜੋ ਅਸੂਲ ਤੋਂ, ਧਰਮ ਤੋਂ, ਸੱਚ ਤੋਂ ਕੁਰਬਾਨ ਕਰੀਦੀ ਹੈ। ਆਨ, ਬਾਨ, ਸ਼ਾਨ, ਅਸੂਲ ਕਾਇਮ ਰਖੀਦਾ ਹੈ। ਜਿੰਨਾ ਪਵਿੱਤ੍ਰ ਸਰੀਰ, ਜਿੰਨਾ ਵਧੀਕ ਪਵਿੱਤ੍ਰ-ਮਨ, ਉਨ੍ਹਾਂ ਹੀ ਕੁਰਬਾਨੀ ਦਾ ਡੂੰਘਾ ਅਸਰ। ਹਾਂ, ਸਾਰੇ ਦੇਸ਼ ਵਿਚ ਜਾਗ੍ਰਤ ਦਾ ਨੂਰ ਲਾ ਕੇ ਸਿੱਖੀ ਮੰਡਲ ਵਿਚ ਅਲਾਂਬਾ-ਨੂਰ ਦਾ ਅਲਾਂਬਾ, ਅੱਗੇ ਬਲ ਰਹੇ ਅਲਾਂਬੇ ਨੂੰ ਦਹਚੰਦ ਲਾਉਣ ਦਾ ਅਲਾਂਬਾ-ਬਾਲ ਗਏ। ਆਪ ਦਾ ਸੀਸ ਇਕ ਸਿੱਖ ਦਿੱਲੀ ਤੋਂ ਲੈ ਕੇ ਆਨੰਦਪੁਰ ਅਪੜਾਉਂਦਾ ਹੈ। ਦਿੱਲੀ ਰਾਜਧਾਨੀ ਹੈ, ਔਰੰਗੇ ਵਰਗਾ ਜ਼ਬਰਦਸਤ ਪਾਤਸ਼ਾਹ ਆਪ ਬੈਠਾ ਹੈ। ਓਸ ਦੇ ਤਪ ਤੇਜ, ਜ਼ੁਲਮ ਤੋਂ ਪੱਥਰ ਬੀ ਕੰਬ ਰਹੇ ਹਨ, ਰਾਜੇ ਰਾਣੇ ਭੇਡਾਂ ਵਾਂਕੂ ਸਿਰ ਸੁੱਟੀ ਪਏ ਹਨ। ਉਸ ਦੇ ਭੈ ਤੋਂ ਅਭੈ ਹੋ ਕੇ ਸਰੇ ਬਾਜ਼ਾਰ ਦਿੱਲੀ ਦੇ ਚਾਂਦਨੀ ਚੌਂਕ ਵਿਚੋਂ ਸੀਸ ਚਾ ਕੇ ਇਕ ਸਿੱਖ ਆਨੰਦਪੁਰ ਅਪੜਾਉਣ ਦਾ ਹੀਆ ਕਰਦਾ ਹੈ। ਇਹ ਸੀ ਜਾਨ, ਜੋ ਗੁਰ ਜਯੋਤੀ ਭਰ ਰਹੀ ਸੀ, ਇਹ ਸੀ ਆਪੇ ਉਤੋਂ ਖੇਡ ਜਾਣ ਦਾ ਮਾਦਾ ਜੋ ਦਿਲਾਂ ਵਿਚ ਭਰਿਆ ਜਾ ਰਿਹਾ ਸੀ। ਜੋ ਮਰ ਮਿਟੀ ਪਰਜਾ ਵਿਚੋਂ ਦਿੱਲੀਓਂ ਸੀਸ ਲੈ ਟੁਰਦਾ ਹੈ, ਅਰ ਸਾਰਾ ਰਾਹ ਟੁਰਕੇ ਆਨੰਦਪੁਰ ਅਪੜਦਾ ਹੈ ਇਕ ਸਿੱਖ! ਹੈ ਨਾ ਹੀਆ! ਹੈ ਨਾ ਹਿੰਮਤ! ਹੈ ਨਾ ਪਿਆਰ ਤੇ ਆਨ! ਗੈਰਤ ਇਸੇ ਦਾ ਨਾਮ ਹੈ। ਇਸ ਇਕ ਆਦਮੀ ਦਾ ਨਿੱਤਰਨਾ ਨਬਜ਼ ਹੈ ਓਸ ਵੇਲੇ ਦੀ ਦਿਲ-ਧਾਪ ਦੀ, ਜੋ ਖੜੋ ਚੁਕੇ ਦਿਲਾਂ ਵਿਚ ਗੁਰ ਜੋਤਿ ਨੇ ਰੁਮਕਾ ਦਿੱਤੀ ਸੀ। ਹਾਂ, ਇਕ ਨਹੀਂ ਦੂਜਾ ਸਿੱਖ ਫੇਰ ਹੀਆ ਕਰਦਾ ਹੈ, ਤੀਆ ਉਸ ਦੇ ਨਾਲ ਰਲਦਾ ਹੈ, ਓਸੇ ਥਾਉਂ ਪਹਿਰਿਆਂ ਦੇ ਵਿਚੋਂ ਪਵਿਤ੍ਰ ਧੜ ਚਾ ਲੈਂਦੇ ਹਨ ਤੇ ਅਪਣੇ ਘਰਾਂ ਵਿਚ ਰੱਖ ਘਰ-ਬਾਰ ਨਾਲ ਫੂਕ ਦਿੰਦੇ ਹਨ। ਇਹ ਹੈ ਹੀਆ, ਦਲੇਰੀ, ਕੁਰਬਾਨੀ, ਖ਼ਤਰੇ ਵਿਚ ਪੈਣ ਦੀ ਨਿਰਭੈਤਾ। ਮਰ ਮਿਟੀਆਂ, ਗ਼ੁਲਾਮੀ ਨਾਲ ਦਬੇਲ ਹੋ ਚੁਕੀਆਂ ਕੌਮਾਂ ਵਿਚ ਜਾਨ ਭਰ ਦੇਣੀ ਬੜਾ ਕਠਨ ਹੁਨਰ ਹੈ, ਪਰ ਸੀਸ ਦੇ ਕੇ ਸਤਿਗੁਰ ਜਯੋਤੀ ਨੇ-ਫਿਰ ਦੂਸਰੀ ਵੇਰ ਸੀਸ ਦੇ ਕੇ-ਅਭੈਤਾ ਦੀ ਵਿਦਿਆ ਸਿਖਾ ਦਿੱਤੀ ਹੈ। ਮਰਨੇ ਤੋਂ ਅਭੈ ਹੋ ਕੇ, ਅੰਦਰਲੇ ਉਚੇ ਜੀਵਨ ਵਿਚ ਜੀਉ ਕੇ ਸੱਚ ਧਰਮ ਪਰ ਸਦਕੇ ਹੋਣ ਲਈ ਸਨਿਆਸ ਧਾਰਨ ਕਰਨਾ ਸਿਖਾ ਦਿੱਤਾ ਹੈ।



**ਗੁਰਦੁਆਰਾ ਰਕਾਬ ਗੰਜ ਸਾਹਿਬ, ਦਿੱਲੀ।**

ਸੀਸ ਸਸਕਾਰ ਹੋ ਚੁਕਾ ਹੈ ਆਨੰਦਪੁਰ ਵਿਚ। ਦਿੱਲੀ, ਜਿਥੇ ਸਾਕਾ ਵਰਤਿਆ, ਉਥੇ ਉਸੇ ਚਾਂਦਨੀ ਚੌਂਕ ਵਿਚ ਸੀਸ ਗੰਜ ਨਾਮੇ ਗੁਰਦੁਆਰਾ ਖੜਾ ਹੈ। ਇਹ ਅਸਥਾਨ ਪਹਿਲਾਂ ਸਰਦਾਰ ਬਘੇਲ ਸਿੰਘ ਨੇ ਬਨਵਾਇਆ1 ਸਾਕੇ ਦੇ ਵੇਲੇ ਦੇ ਬੁੱਢੇ ਪੁਰਸ਼ਾਂ ਤੋਂ ਨਿਸ਼ਾਨ ਸਹੀ ਕਰਵਾਕੇ। ਮੁਸਲਮਾਨਾਂ ਨੇ ਫੇਰ ਗੁਰਦੁਆਰਾ ਢਾਹ ਦਿੱਤਾ। ਲਾਗੇ ਮਸੀਤ ਬਣਾਈ, ਪਰ ਫੇਰ ਗ਼ਦਰ ਮਗਰੋਂ ਜੀਂਦ ਦੇ ਰਾਜੇ ਨੇ ਸਰਕਾਰ ਤੋਂ ਥਾਂ ਲੈ ਕੇ ਗੁਰਦੁਆਰਾ ਬਨਾਇਆ। ਇਸ ਸਮੇਂ ਨਵਾਂ ਆਲੀਸ਼ਾਨ ਗੁਰਦੁਆਰਾ ਖਾਲਸੇ ਨੇ ਬਨਾਯਾ ਹੈ।

ਰਕਾਬ ਗੰਜ ਬੀ ਸਰਦਾਰ ਬਘੇਲ ਸਿੰਘ ਨੇ ਬਨਵਾਯਾ ਸੀ। ਸਰੀਰ ਸਸਕਾਰ ਹੋਣ ਵਾਲੇ ਥਾਂ ਸਰੀਰ ਦੀ ਵਿਭੂਤੀ ਦੱਬੀ ਹੋਈ, ਉਤੇ ਨਿਸ਼ਾਨ ਮਾਤ੍ਰ ਥੜਾ; ਸਸਕਾਰ ਕਰਨ ਵਾਲੇ ਵੀਰਾਂ ਨੇ ਬਣਾ ਛੋੜਿਆ ਸੀ। 1764 ਬਿ: ਦੇ ਲਗਪਗ, ਜਦ ਗੁਰੂ ਗੋਬਿੰਦ ਸਿੰਘ ਜੀ ਦਿੱਲੀ ਗਏ, ਤਾਂ ਮੰਜੀ ਸਾਹਿਬ ਬਣਵਾਈ। ਮਗਰੋਂ 1847 ਬਿ: ਵਿਚ ਸ੍ਰਦਾਰ ਬਘੇਲ ਸਿੰਘ ਨੇ ਗੁਰਦਵਾਰਾ ਬਣਾਇਆ ਜੋ ਹੁਣ ਖੜਾ ਹੈ। ਸੀਸ ਦੇ ਸਸਕਾਰ ਦਾ ਗੁਰਦਵਾਰਾ ਆਨੰਦਪੁਰ ਸਾਹਿਬ ਵਿਚ ਹੈ।

**-ਮੇਰਾ ਬਾਲਾ ਪ੍ਰੀਤਮ ਅਤੇ ਕਿਸ਼ੋਰ ਕੌਤਕ** 'ਚੋਂ

# ਭਾਈ ਜੈਤਾ ਦਾ ਦਿੱਲੀ ਤੋਂ ਆਨੰਦਪੁਰ ਤੱਕ ਦਾ ਸਫ਼ਰ

❖ ਡਾ. ਹਰਬੰਸ ਸਿੰਘ ਚਾਵਲਾ

ਜਦੋਂ ਭਾਈ ਜੈਤਾ ਆਪਣੇ ਸਾਥੀਆਂ (ਭਾਈ ਆਗਿਆ, ਭਾਈ ਊਦਾ ਅਤੇ ਭਾਈ ਨਾਨੂੰ) ਸਮੇਤ ਕੂਚਾ ਦਿਲਵਾਲੀ ਤੋਂ ਆਨੰਦਪੁਰ ਸਾਹਿਬ ਲਈ ਚਲਿਆ ਤਾਂ ਸਾਰਾ ਨਗਰ (ਦਿੱਲੀ) ਅਜੇ ਗਹਿਰੀ ਨੀਂਦ ਸੁੱਤਾ ਪਿਆ ਸੀ। ਗੁਰੂ ਕੇ ਸਿੱਖ ਪਹੁ ਫੁਟਾਲੇ ਤੋਂ ਪਹਿਲਾਂ ਸ਼ਹਿਰ ਦੀਆਂ ਹੱਦਾਂ ਤੋਂ ਬਾਹਰ ਹੋ ਜਾਣਾ ਚਾਹੁੰਦੇ ਸਨ। ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਉਨ੍ਹਾਂ ਨੇ ਰੁਮਾਲਿਆਂ ਵਿਚ ਲਪੇਟਿਆ ਹੋਇਆ ਸੀ। **ਗੁਰੂ ਤੇਗ ਬਹਾਦਰ ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ** ਵਿਚ ਲਿਖਿਆ ਹੈ ਕਿ ਉਨ੍ਹਾਂ ਨੇ ਸੋਨੀਪਤ, ਪਾਨੀਪਤ, ਕਰਨਾਲ, ਤ੍ਰਾਵੜੀ, ਅੰਬਾਲਾ, ਬਨੂੜ, ਨਾਭਾ ਤੇ ਕੀਰਤਪੁਰ ਵਾਲਾ ਰਸਤਾ ਅਖ਼ਤਿਆਰ ਕੀਤਾ ਸੀ। ਉਨ੍ਹਾਂ ਨੂੰ ਆਪਣਾ ਪੈਂਡਾ ਮੁਕਾਣ ਵਿਚ ਪੰਜ ਦਿਨ ਲੱਗੇ ਸਨ।

## ਪਹਿਲਾ ਪੜਾ— ਤ੍ਰਾਵੜੀ

ਜਦੋਂ ਭਾਈ ਜੈਤਾ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਲੈ ਕੇ ਆਪਣੇ ਘਰ ਕੂਚਾ ਦਿਲਵਾਲੀ ਤੋਂ ਚਲਿਆ ਤਾਂ ਉਹ ਇਕੱਲਾ ਸੀ। ਉਸ ਦੇ ਬਾਕੀ ਸਾਥੀ ਉਸ ਨੂੰ ਰਾਹ ਵਿਚ ਮਿਲੇ ਸਨ। ਅਜਿਹਾ ਇਸ ਲਈ ਕੀਤਾ ਗਿਆ ਸੀ ਕਿ ਕਿਸੇ ਨੂੰ ਸ਼ੱਕ ਨਾ ਪਵੇ ਕਿ ਇਤਨੇ ਬੰਦੇ ਘੋੜਿਆਂ ਤੇ ਸੁਆਰ ਹੋ ਕੇ ਸਵੇਰੇ ਸਵੇਰੇ ਕਿੱਥੇ ਜਾ ਰਹੇ ਹਨ। ਇਨ੍ਹਾਂ ਦਾ ਪਹਿਲਾ ਪੜਾ ਤ੍ਰਾਵੜੀ ਸੀ ਜਿੱਥੇ ਉਨ੍ਹਾਂ ਨੇ ਰਾਤ ਵੇਲੇ ਬਿਸ੍ਰਾਮ ਕੀਤਾ। ਸਾਰਾ ਸਫ਼ਰ ਜਰਨੈਲੀ ਸੜਕ ਦੇ ਨਾਲ ਨਾਲ ਪਿੰਡਾਂ ਅਤੇ ਖੇਤਾਂ ਦੀਆਂ ਕਚੀਆਂ ਪੈਂੜਾ ਲਿਤਾੜਦਿਆਂ ਤੈਅ ਕੀਤਾ ਗਿਆ ਸੀ।

ਤ੍ਰਾਵੜੀ ਇਕ ਪੁਰਾਣਾ ਇਤਿਹਾਸਕ ਨਗਰ ਹੈ। ਇਹ ਨਗਰ ਕਰਨਾਲ ਤੋਂ 12 ਕਿਲੋਮੀਟਰ ਉੱਤਰ ਵੱਲ ਹੈ। ਬਾਰ੍ਹਵੀਂ ਸਦੀ ਵਿਚ ਇਹ ਨਗਰ ਚੌਹਾਨ ਰਾਜਿਆਂ ਦੀ ਸ਼ਕਤੀ ਦਾ ਪ੍ਰਮੁੱਖ ਕੇਂਦਰ ਸੀ। ਇੱਥੇ ਹੀ ਪ੍ਰਿਥਵੀ ਰਾਜ ਚੌਹਾਨ ਦੀ ਮੁਹੰਮਦ ਗੌਰੀ ਨਾਲ ਦੋ ਵਾਰ ਟੱਕਰ ਹੋਈ ਸੀ। ਇੱਥੇ ਇਕ ਪੁਰਾਣਾ ਕਿਲ੍ਹਾ ਹੈ ਜਿਸ ਦੇ ਦੱਖਣ ਵਿਚ ਇਕ ਤਾਲਾਬ ਹੋਇਆ ਕਰਦਾ ਸੀ। ਮੁਗ਼ਲਾਂ ਦੇ ਸਮੇਂ ਇਸ ਤਾਲਾਬ ਦੇ ਆਸ ਪਾਸ ਧੋਬੀਆਂ ਦੇ ਕੁਝ ਘਰ ਸਨ ਜੋ ਮੁਗ਼ਲ ਅਧਿਕਾਰੀਆਂ ਅਤੇ ਨਗਰ ਵਾਸੀਆਂ ਦੇ ਕਪੜੇ ਧੋ ਕੇ ਆਪਣੀ ਰੋਜ਼ੀ ਰੋਟੀ ਕਮਾਂਦੇ ਸਨ। ਇਨ੍ਹਾਂ ਪ੍ਰਵਾਰਾਂ ਵਿਚ ਹੀ ਗੁਰੂ ਘਰ ਦਾ ਇਕ ਸਿੱਖ ਭਾਈ ਦੇਵਾ ਰਾਮ ਵੀ ਰਿਹਾ ਕਰਦਾ ਸੀ। ਦਿੱਲੀ ਤੋਂ ਚੱਲਣ ਮਗਰੋਂ ਭਾਈ ਜੈਤਾ ਨੇ ਪਹਿਲੀ ਰਾਤ ਇਸ ਦੇ ਘਰ ਹੀ ਕੱਟੀ ਸੀ। ਭਾਈ ਜੈਤਾ ਦੇ ਨਾਲ ਆਏ ਤਿੰਨ ਸਿੱਖ ਰਾਤ ਭਰ ਚੌਕਸੀ ਵਜੋਂ ਨਗਰ ਵਿਚ ਫਿਰਦੇ ਰਹੇ ਸਨ।

ਜਿਸ ਅਸਥਾਨ ਤੇ ਨੌਵੀਂ ਪਾਤਸ਼ਾਹੀ ਦਾ ਸੀਸ ਰੱਖਿਆ ਗਿਆ ਸੀ, ਅੱਗੇ ਚਲ ਕੇ ਉੱਥੇ 'ਸੀਸ ਅਸਥਾਨ ਪਾਤਸ਼ਾਹੀ ਨੌਵੀਂ' ਦੇ ਨਾਮ ਨਾਲ ਗੁਰਦੁਆਰਾ ਸਥਾਪਿਤ ਕੀਤਾ ਗਿਆ। ਪਹਿਲਾਂ ਪਹਿਲ ਸੰਨ 1710 ਵਿਚ ਬੰਦਾ ਸਿੰਘ ਬਹਾਦਰ ਨੇ ਇਸ ਨਗਰ ਨੂੰ ਜਿੱਤ ਕੇ ਉਸ ਥਾਂ ਦੀ ਨਿਸ਼ਾਨਦੇਹੀ ਕੀਤੀ ਸੀ। ਉਸ ਦੀ ਇਸ ਲੜਾਈ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਹੋਏ ਸਨ। ਸ਼ਹੀਦ ਹੋਣ ਵਾਲੇ ਸਿੰਘਾਂ ਦਾ ਸਸਕਾਰ ਵੀ ਸੀਸ-ਅਸਥਾਨ ਦੇ ਨੇੜੇ ਹੀ ਕੀਤਾ ਗਿਆ ਸੀ। ਜਦੋਂ 1965-66 ਈਸਵੀ ਵਿਚ ਗੁਰਦੁਆਰੇ ਦੀ ਨਵੀਂ ਇਮਾਰਤ ਲਈ ਖੁਦਾਈ ਚਲ ਰਹੀ ਸੀ ਤਾਂ ਇੱਥੋਂ ਸ਼ਹੀਦ ਸਿੰਘਾਂ ਦੀਆਂ ਕਈ ਯਾਦਗਾਰੀ ਵਸਤਾਂ ਮਿਲੀਆਂ ਸਨ।

## ਦੂਜਾ ਪੜਾ— ਅੰਬਾਲਾ

ਤ੍ਰਾਵੜੀ ਤੋਂ ਚਲ ਕੇ ਨਿਡਰ ਸਿੱਖਾਂ ਦਾ ਇਹ ਦਸਤਾ ਸਵੇਰ ਹੋਣ ਤੱਕ ਅੰਬਾਲਾ ਪਹੁੰਚ ਗਿਆ। ਪੁਰਾਣੇ ਵਕਤਾਂ ਵਿਚ ਇਸ ਨਗਰ ਦੇ ਪੂਰਬ ਵੱਲ ਟਾਂਗਰੀ ਨਦੀ ਵਗਦੀ ਸੀ। ਹੁਣ ਇਹ ਨਦੀ ਅੰਬਾਲਾ ਛਾਉਣੀ ਦੇ ਨਾਲ ਹੋ ਕੇ ਵਗਦੀ ਹੈ।

ਜਦੋਂ ਭਾਈ ਜੈਤਾ ਅਤੇ ਉਸ ਦੇ ਸਾਥੀ, ਗੁਰੂ ਜੀ ਦਾ ਸੀਸ ਲੈ ਕੇ ਇੱਥੇ ਆਏ ਤਾਂ ਉਹ ਜਗ੍ਹਾਧਰੀ ਗੇਟ ਵੱਲੋਂ ਸ਼ਹਿਰ ਵਿਚ ਦਾਖ਼ਲ ਹੋਏ ਸਨ। ਉਨ੍ਹਾਂ ਜੋੜੇ (ਜੁੱਤੀਆਂ) ਉਤਾਰ ਕੇ ਟਾਂਗਰੀ ਨਦੀ ਪਾਰ ਕੀਤੀ ਅਤੇ ਪੱਤਣ ਦੇ ਪਾਰ ਇਕ ਜੰਡ ਦੇ ਦਰੱਖ਼ਤ ਹੇਠਾਂ ਗੁਰੂ ਸਾਹਿਬ ਦਾ ਸੀਸ ਰੱਖ ਕੇ ਕੁਝ ਚਿਰ ਆਰਾਮ ਕੀਤਾ।

ਸ਼ਹਿਰ ਅੰਬਾਲਾ ਜਰਨੈਲੀ ਸੜਕ ਤੇ ਸੀ, ਇਸੇ ਕਰਕੇ ਇੱਥੇ ਪਕੜੇ ਜਾਣ ਦਾ ਡਰ ਵਧੇਰੇ ਸੀ। ਮੁਗ਼ਲ ਸੈਨਾ ਅਤੇ ਵਿਉਪਾਰੀ ਅਕਸਰ ਦਿੱਲੀ ਤੋਂ ਲਾਹੌਰ ਅਤੇ ਲਾਹੌਰ ਤੋਂ ਅੱਗੇ ਕਾਬਲ ਜਾਂਦੇ ਇਸੇ ਰਸਤੇ ਰਾਹੀਂ ਸਫ਼ਰ ਕਰਦੇ ਸਨ। ਲਗਦਾ ਹੈ ਕਿ ਭਾਈ ਜੈਤਾ ਨੂੰ ਇਸ ਗੱਲ ਦੀ ਭਿਣਕ ਪੈ ਗਈ ਹੋਵੇਗੀ ਕਿ ਮੁਗ਼ਲ ਸੈਨਿਕਾਂ ਦੇ ਗਸ਼ਤੀ ਦਸਤੇ ਦੂਰ ਦੂਰ ਤੱਕ ਤਲਾਸ਼ ਕਰਦੇ ਫਿਰ ਰਹੇ ਸਨ ਕਿ ਆਖ਼ਰ ਗੁਰੂ ਜੀ ਦਾ ਸੀਸ ਅਤੇ ਧੜ ਕਿੱਥੇ ਗ਼ਾਇਬ ਹੋ ਗਏ ਹਨ। ਭਾਈ ਜੈਤਾ ਨੇ ਇੱਥੇ ਹੀ ਕਿਸੇ ਟਿਕਾਣੇ ਤੇ ਰਾਤ ਬਿਤਾਣ ਦਾ ਫ਼ੈਸਲਾ ਕਰ ਲਿਆ।

ਦਰਿਆ ਟਾਂਗਰੀ ਪਾਰ ਕਰਕੇ ਅਤੇ ਜੰਡ ਦੇ ਹੇਠਾਂ ਸਤਿਕਾਰ ਨਾਲ ਸੀਸ ਟਿਕਾ ਕੇ ਉਨ੍ਹਾਂ ਨੇ ਕਿਸੇ ਸਿੱਖ ਦੇ ਘਰ ਦਾ ਪਤਾ ਪੁੱਛਿਆ। ਉਨ੍ਹਾਂ ਨੂੰ ਇਕ ਬਜ਼ੁਰਗ ਮਹਿਰ ਧੁਮੀਆਂ (ਗੁੱਜਰ) ਤੋਂ ਪਤਾ ਚਲਿਆ ਕਿ ਕੈਂਥ ਮਾਜਰੀ ਵਿਚ ਹਿੰਦੂਆਂ ਦੇ ਕੁਝ ਘਰ ਹਨ। ਇਨ੍ਹਾਂ ਵਿਚੋਂ ਬਹੁਤੇ ਜੁਲਾਹੇ, ਰਮਦਾਸੀਏ ਅਤੇ ਸੈਣੀ ਜਾਤਿ ਦੇ ਹਿੰਦੂ ਹਨ। ਪਰ ਉਹ ਗੁਰੂ ਘਰ ਨੂੰ ਮੰਨਦੇ ਅਤੇ ਆਪਣੇ ਆਪ ਨੂੰ ਗੁਰੂ ਕੇ ਸਿੱਖ ਆਖਦੇ ਹਨ। ਉਸ ਮੁਹੱਲੇ ਦੇ ਨਾਲ ਹੀ ਪੀਰ ਤਵੇਂਕਲ ਸ਼ਾਹ ਦਾ ਤਕੀਆ ਹੈ ਅਤੇ ਉਹ ਵੀ ਗੁਰੂ ਘਰ ਦਾ ਸ਼ਰਧਾਲੂ ਹੈ। ਭਾਈ ਜੈਤਾ ਜੰਡ ਵਾਲੀ ਥਾਂ ਤੋਂ ਸੀਸ ਨੂੰ ਲੈ ਕੇ ਕੁਮਾਹਰਾਂ ਦੇ ਮੁਹੱਲੇ ਪੁੱਜਾ ਜਿੱਥੇ ਭਾਈ ਰਾਮ ਦੇਵਾ ਨਾਮ ਦਾ ਇਕ ਸਿੱਖ ਰਿਹਾ ਕਰਦਾ ਸੀ। ਭਾਈ ਜੈਤਾ ਨੇ ਉਸ ਨਾਲ ਗੱਲ ਕੀਤੀ ਤੇ ਦਿੱਲੀ ਵਿਚ ਵਾਪਰੀ ਸਾਰੀ ਘਟਨਾ ਦਾ ਜ਼ਿਕਰ ਉਸ ਅੱਗੇ ਕਰ ਦਿੱਤਾ। ਜਦੋਂ ਉਸ ਨੂੰ (ਭਾਈ ਜੈਤਾ ਨੂੰ) ਯਕੀਨ ਹੋ ਗਿਆ ਕਿ ਇਹ ਥਾਂ ਹਰ ਲਿਹਾਜ਼ ਨਾਲ ਸੁਰੱਖਿਅਤ ਹੈ ਤਾਂ ਉਸ ਨੇ ਰਾਤ ਇੱਥੇ ਹੀ ਬਿਤਾਣ ਦਾ ਨਿਸ਼ਚਾ ਕਰ ਲਿਆ। ਭਾਈ ਜੈਤਾ ਦੋ ਦਿਨ ਦਾ ਅਨੀਂਦਰਾ ਸੀ। ਇੱਥੇ ਪਹੁੰਚ ਕੇ ਉਸ ਨੇ ਕੁਝ ਆਰਾਮ ਕੀਤਾ ਅਤੇ ਭਾਈ ਰਾਮਦੇਵਾ ਗੁਰੂ ਜੀ ਦੇ ਸੀਸ ਤੇ ਪਹਿਰਾ ਦੇਂਦਾ ਰਿਹਾ। ਸਵੇਰ ਹੋਣ ਤੋਂ ਪਹਿਲਾਂ ਹੀ ਭਾਈ ਜੈਤਾ ਅਤੇ ਉਨ੍ਹਾਂ ਦੇ ਬਾਕੀ ਸਾਥੀ ਬਨੂੜ ਵੱਲ ਚਲ ਪਏ।

ਭਾਈ ਰਾਮ ਦੇਵਾ ਜਿੰਨਾ ਚਿਰ ਜਿਊਂਦਾ ਰਿਹਾ, ਉਨ੍ਹਾਂ ਦੇ ਸਾਰੇ ਪ੍ਰਵਾਰ ਨੇ ਗੁਰੂ ਜੀ ਦੇ ਸੀਸ ਰੱਖਣ ਵਾਲੀ ਥਾਂ ਤੇ ਹਮੇਸ਼ਾਂ ਦੀਵਾ ਬੱਤੀ ਜਗਾਣ ਦੀ ਸੇਵਾ ਕੀਤੀ। ਇਸ ਅਸਥਾਨ ਦੇ ਨਜ਼ਦੀਕ ਬੈਠ ਕੇ ਉਹ ਗੁਰਬਾਣੀ ਦਾ ਪਾਠ ਅਤੇ ਨਾਮ ਸਿਮਰਨ ਕਰਿਆ ਕਰਦੇ ਸਨ। ਮਗਰੋਂ ਸਥਾਨਕ ਮੁਸਲਮਾਨਾਂ ਨੇ ਹਿੰਦੂਆਂ ਨਾਲ ਝਗੜਾ ਪਾ ਕੇ ਇਸ ਬਸਤੀ ਨੂੰ

ਉਜਾੜ ਦਿੱਤਾ। ਬਸਤੀ ਵਾਲੀ ਥਾਂ ਤੇ ਕਿਕਰਾਂ ਦੇ ਸੰਘਣੇ ਝੁੰਡ ਉੱਗ ਪਏ ਤੇ ਇਹ ਸਾਰੀ ਥਾਂ ਰੁੱਖਾਂ ਨਾਲ ਢੱਕੀ ਗਈ। ਅਠਾਰ੍ਹਵੀਂ ਸਦੀ ਵਿਚ ਜਦੋਂ ਸ੍ਰ. ਬਘੇਲ ਸਿੰਘ ਦੇ ਜਥੇ ਵਿਚੋਂ ਇਕ ਜਥੇਦਾਰ ਸ੍ਰ. ਮੇਹਰ ਸਿੰਘ ਫ਼ੈਜ਼ੂਲ ਪੁਰੀਏ ਨੇ ਅੰਬਾਲਾ ਸ਼ਹਿਰ ਤੇ ਕਬਜ਼ਾ ਕੀਤਾ ਤਾਂ ਉਸ ਥਾਂ ਦੀ ਫਿਰ ਭਾਲ ਸ਼ੁਰੂ ਹੋਈ ਜਿੱਥੇ ਗੁਰੂ ਜੀ ਦਾ ਸੀਸ ਰੱਖਿਆ ਗਿਆ ਸੀ। ਪਰ ਜਲਦੀ ਹੀ ਅੰਬਾਲਾ ਸ਼ਹਿਰ ਉੱਤੇ ਮੁਰੇਂਡੇ ਵਾਲੇ ਸ੍ਰ. ਗੁਰਬਖਸ਼ ਸਿੰਘ ਦਾ ਕਬਜ਼ਾ ਹੋ ਗਿਆ। ਕੁਝ ਚਿਰ ਬਾਅਦ ਸ੍ਰ. ਗੁਰਬਖਸ਼ ਸਿੰਘ ਪੰਜੋਖਰੇ ਨੇੜੇ ਹੋਈ ਇਕ ਲੜਾਈ ਵਿਚ ਸ਼ਹੀਦ ਹੋ ਗਿਆ। ਉਸ ਦੇ ਸ਼ਹੀਦ ਹੋ ਜਾਣ ਮਗਰੋਂ ਉਸ ਦੀ ਰਾਣੀ ਦਇਆ ਕੌਰ ਨੇ ਸੀਸ ਅਸਥਾਨ ਦੀ ਭਾਲ ਕਰਵਾ ਕੇ ਉਸ ਦੇ ਆਸ ਪਾਸ ਚਾਰ ਦੀਵਾਰੀ ਬਣਵਾ ਦਿੱਤੀ। ਹੁਣ ਇਸ ਅਸਥਾਨ ਤੇ 'ਗੁਰਦੁਆਰਾ ਸੀਸ ਗੰਜ' (ਮਹੱਲਾ ਕੈਂਥ ਮਾਜਰੀ) ਯਾਦਗਾਰੀ ਅਸਥਾਨ ਹੈ। ਭਾਈ ਜੈਤਾ ਨੇ ਟਾਂਗਰੀ ਨਦੀ ਪਾਰ ਕਰਕੇ ਜਿਸ ਜੰਡ ਦੇ ਹੇਠਾਂ ਗੁਰੂ ਜੀ ਦੇ ਸੀਸ ਨੂੰ ਰੱਖ ਕੇ ਆਰਾਮ ਕੀਤਾ ਸੀ ਉੱਥੇ ਹੁਣ 'ਗੁਰਦੁਆਰਾ ਸਤਿਸੰਗਤ' ਸਥਾਪਿਤ ਹੈ। ਇਸ ਗੁਰਦੁਆਰੇ ਦੇ ਕੋਲ ਹੀ ਰਾਣੀ ਦਇਆ ਕੌਰ (ਸੁਪਤਨੀ) ਸ੍ਰ. ਗੁਰਬਖਸ਼ ਸਿੰਘ ਦਾ ਕਿਲ੍ਹਾ ਅਤੇ ਖਤਰੀਆਂ ਅਤੇ ਬ੍ਰਾਹਮਣਾਂ ਦੇ ਕੁਝ ਘਰ ਹੋਇਆ ਕਰਦੇ ਸਨ। ਇਸ ਦੇ ਨਾਲ ਹੀ ਮੁਸਲਮਾਨ ਗੁੱਜਰ ਅਤੇ ਕੁਮਹਾਰਾਂ ਦੇ ਵੀ ਘਰ ਸਨ।

## ਤੀਜਾ ਪੜਾ— ਨਾਭਾ

ਅੰਬਾਲਾ ਤੋਂ ਚਲ ਕੇ ਭਾਈ ਜੈਤਾ ਦਾ ਅਗਲਾ ਪੜਾ ਪਿੰਡ ਨਾਭਾ ਸੀ। ਪਿੰਡ ਨਾਭਾ (ਰਾਜਪੁਰਾ ਤਹਿਸੀਲ, ਜ਼ਿਲ੍ਹਾ ਪਟਿਆਲਾ ਵਿਚ) ਚੰਡੀਗੜ੍ਹ ਤੋਂ 15 ਕਿਲੋਮੀਟਰ ਦੱਖਣ ਵੱਲ, ਪਟਿਆਲਾ-ਚੰਡੀਗੜ੍ਹ ਰਾਜ ਮਾਰਗ ਉਪਰ ਸਥਿਤ ਹੈ। 'ਗੁਰਦੁਆਰਾ ਸੀਸ ਅਸਥਾਨ ਪਾਤਸ਼ਾਹੀ ਨੌਵੀਂ' ਪਿੰਡ ਨਾਭਾ ਦੇ ਦੱਖਣ ਵੱਲ ਇਕ ਫਰਲਾਂਗ ਦੀ ਵਿੱਥ ਤੇ ਹੈ। ਇੱਥੇ ਭਾਈ ਜੈਤਾ ਗੁਰੂ ਜੀ ਦੇ ਸੀਸ ਨਾਲ ਇਕ ਰਾਤ ਰੁਕਿਆ ਸੀ।

ਪਿੰਡ ਨਾਭਾ ਵਿਚ ਇਕ ਮੁਸਲਮਾਨ ਦਰਵੇਸ਼ ਦਰਗਾਹੀ ਸ਼ਾਹ ਦੀ ਕੁਟੀਆ ਸੀ। ਸਥਾਨਕ ਰਵਾਇਤ ਅਨੁਸਾਰ ਉਹ ਗੁਰੂ ਘਰ ਦਾ ਸ਼ਰਧਾਲੂ ਸੀ। ਜਦੋਂ ਭਾਈ ਜੈਤਾ ਨੇ ਗੁਰੂ ਜੀ ਦਾ ਸੀਸ ਲਿਆਉਣ ਦਾ ਬਿਰਤਾਂਤ ਉਸ ਨੂੰ ਦੱਸਿਆ ਤਾਂ ਉਸ ਨੇ ਭਾਈ ਜੈਤਾ ਨੂੰ ਉੱਥੇ ਹੀ ਰਾਤ ਠਹਿਰਨ ਲਈ ਕਿਹਾ। ਦਰਗਾਹੀ ਸ਼ਾਹ ਨੇ ਭਾਈ ਜੈਤਾ ਨਾਲ ਰਾਤ ਭਰ ਜਾਗ ਕੇ ਪਹਿਰਾ ਦਿੱਤਾ ਤਾਕਿ ਸੀਸ ਨੂੰ ਕਿਸੇ ਪ੍ਰਕਾਰ ਦੀ ਹਾਨੀ ਨਾ ਪਹੁੰਚੇ। ਅਗਲੀ ਭਲਕ ਹੁੰਦਿਆਂ ਹੀ ਭਾਈ ਜੈਤਾ ਗੁਰੂ ਜੀ ਦਾ ਸੀਸ ਚੁੱਕ ਕੇ ਆਪਣੇ ਆਖ਼ਰੀ ਪੜਾ ਕੀਰਤਪੁਰ ਲਈ ਚਲ ਪਿਆ। ਭੰਗਾਣੀ ਦਾ ਯੁੱਧ ਜਿੱਤਣ ਮਗਰੋਂ ਜਦੋਂ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਵਾਪਸ ਪਰਤ ਰਹੇ ਸਨ ਤਾਂ ਆਪ ਸੰਮਤ ੧੭੩੫ ਬਿਕਰਮੀ (ਸੰਨ 1688) ਨੂੰ ਇੱਥੇ ਰੁਕੇ ਸਨ। ਦਰਗਾਹੀ ਸ਼ਾਹ ਜੋ ਹੁਣ ਕਾਫ਼ੀ ਵਡੇਰੀ ਉਮਰ ਦਾ ਹੋ ਗਿਆ ਸੀ, ਨੌਜਵਾਨ ਗੁਰੂ-ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਕੇ ਗਦ ਗਦ ਹੋ ਗਿਆ।

ਜਿੱਥੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਰੱਖਿਆ ਗਿਆ ਸੀ, ਪਹਿਲਾਂ ਉੱਥੇ ਇਕ ਕੱਚਾ ਥੜ੍ਹਾ ਹੋਇਆ ਕਰਦਾ ਸੀ। ਮਗਰੋਂ ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਥੜ੍ਹੇ ਵਾਲੀ ਥਾਂ ਤੇ ਮੰਜੀ ਸਾਹਿਬ ਸਥਾਪਿਤ ਕਰਵਾ ਕੇ ਆਸ ਪਾਸ ਚਾਰ ਦੀਵਾਰੀ ਕਰਵਾ ਦਿੱਤੀ। ਹੁਣ ਇਸੇ ਥਾਂ ਤੇ ਖ਼ੂਬਸੂਰਤ 'ਗੁਰਦੁਆਰਾ ਸੀਸ ਅਸਥਾਨ ਪਾਤਸ਼ਾਹੀ ਨੌਵੀਂ' ਸਥਾਪਿਤ ਹੈ।

## ਆਖ਼ਰੀ ਪੜਾ— ਕੀਰਤਪੁਰ

ਪੁਰਾਣੇ ਜ਼ਮਾਨੇ ਵਿਚ ਬਨੂੜ ਅਤੇ ਰੋਪੜ ਕੱਚੀ ਸੜਕ ਉੱਤੇ ਵਾਕਿਆ ਸਨ। ਕੀਰਤਪੁਰ ਅਤੇ ਆਨੰਦਪੁਰ ਨੂੰ ਰਸਤਾ ਇੱਥੋਂ ਹੀ ਜਾਂਦਾ ਸੀ। ਜਦੋਂ ਭਾਈ ਜੈਤਾ ਦਰਗਾਹੀ ਸ਼ਾਹ ਦੀ ਕੁਟੀਆ ਤੋਂ ਚਲਿਆ ਤਾਂ ਉਸ ਦੇ ਮਨ ਵਿਚ ਅਥਾਹ ਸੰਤੋਸ਼ ਅਤੇ ਪ੍ਰਸੰਨਤਾ ਸੀ ਕਿ ਗੁਰੂ ਜੀ ਦੀ ਮਿਹਰ ਸਦਕਾ ਉਹ ਅਪਣਾ ਫ਼ਰਜ਼ ਪੂਰਾ ਕਰਨ ਵਿਚ ਕਾਮਯਾਬ ਹੋ ਸਕਿਆ ਸੀ। ਗੁਰੂ ਜੀ ਦਾ ਸੀਸ ਆਉਣ ਦੀ ਖ਼ਬਰ ਆਨੰਦਪੁਰ ਪਹਿਲਾਂ ਹੀ ਪਹੁੰਚ ਚੁੱਕੀ ਸੀ। ਗੁਰੂ ਤੇਗ਼ ਬਹਾਦਰ ਜੀ ਦਾ ਸਾਰਾ ਪ੍ਰਵਾਰ, ਗੁਰੂ ਗੋਬਿੰਦ ਰਾਇ (ਸਿੰਘ), ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਸੀਸ ਦਾ ਸੁਆਗਤ ਕਰਨ ਲਈ ਆਨੰਦਪੁਰ ਤੋਂ ਕੀਰਤਪੁਰ ਪਹੁੰਚ ਚੁੱਕੇ ਸਨ। ਜਦੋਂ ਭਾਈ ਜੈਤਾ ਸੀਸ ਲੈ ਕੇ ਕੀਰਤਪੁਰ ਪੁੱਜਾ ਤਾਂ ਸਾਰਿਆਂ ਦੇ ਚਿਹਰੇ ਤੇ ਵੈਰਾਗ ਸੀ ਅਤੇ ਅੱਖਾਂ ਨੰਮ ਸਨ। ਗੁਰੂ ਗੋਬਿੰਦ (ਸਿੰਘ) ਜੀ ਨੇ ਅੱਗੇ ਵੱਧ ਕੇ ਆਪਣੇ ਸ਼ਹੀਦ ਪਿਤਾ (ਧਰਮ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਰਾਖੇ) ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਦਾ ਸੁਆਗਤ ਕੀਤਾ ਅਤੇ ਭਾਈ ਜੈਤਾ ਨੂੰ ਕਲਾਵੇ ਵਿਚ ਲੈ ਕੇ 'ਗੁਰੂ ਕਾ ਪੁੱਤਰ' ਹੋਣ ਦਾ ਮਾਨ ਬਖ਼ਸ਼ਿਆ। ਭਾਈ ਜੈਤਾ ਨੂੰ ਗਲਵਕੜੀ ਵਿਚ ਲੈਂਦਿਆਂ ਆਪ ਜੀ ਨੇ ਗਦ ਗਦ ਹੋ ਕੇ ਫ਼ਰਮਾਇਆ, 'ਰੰਗਰੇਟਾ ਗੁਰੂ ਕਾ ਬੇਟਾ'। ਜਿਹੋ ਜਿਹਾ ਸ਼ਾਨਦਾਰ ਕਾਰਨਾਮਾ ਕਰਕੇ ਭਾਈ ਜੈਤਾ ਆਇਆ ਸੀ, ਉਹੋ ਜਿਹੀ ਦਲੇਰੀ ਕੋਈ ਨਿਡਰ ਅਤੇ ਸਵੈ-ਅਣਖੀ 'ਪੁੱਤਰ' ਹੀ ਕਰ ਸਕਦਾ ਸੀ।

## ਬਿਬਾਨਗੜ੍ਹ (ਕੀਰਤਪੁਰ) ਤੋਂ ਆਨੰਦਪੁਰ ਸਾਹਿਬ

ਕੀਰਤਪੁਰ ਪਹੁੰਚਣ ਤੇ ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਨੂੰ ਉਸ ਥਾਂ ਤੇ ਰੱਖਿਆ ਗਿਆ ਜਿੱਥੇ ਹੁਣ ਗੁਰਦੁਆਰਾ ਬਿਬਾਨਗੜ੍ਹ ਅਤੇ ਦਮਦਮਾ ਸਾਹਿਬ ਸਥਾਪਿਤ ਹਨ। ਇੱਥੋਂ ਗੁਰੂ ਜੀ ਦੇ ਸੀਸ ਨੂੰ ਇਕ ਸਜੇ ਹੋਏ ਬਿਬਾਨ (ਪਾਲਕੀ) ਵਿਚ ਰੱਖ ਕੇ ਚੱਕ ਨਾਨਕੀ (ਆਨੰਦਪੁਰ ਸਾਹਿਬ) ਵਿਖੇ ਲਿਜਾਇਆ ਗਿਆ। ਗੁਰੂ (ਗੋਬਿੰਦ ਸਿੰਘ) ਦੇ ਤਾਏ ਸੂਰਜ ਮਲ ਦਾ ਸਾਰਾ ਪਰਵਾਰ ਵੀ ਨਾਲ ਸੀ। ਸਾਰੇ ਰਸਤੇ ਸੰਗਤਾਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੇ ਸ਼ਬਦ ਪੜ੍ਹ ਰਹੀਆਂ ਸਨ। ਚੱਕ ਨਾਨਕੀ ਪਹੁੰਚਣ ਤੇ ਉੱਥੋਂ ਦੀਆਂ ਸੰਗਤਾਂ ਨੇ ਫੁੱਲਾਂ ਨਾਲ ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਦਾ ਸੁਆਗਤ ਕੀਤਾ।

## ਸੀਸ ਦਾ ਸਸਕਾਰ

ਜਿੱਥੇ ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ ਉੱਥੇ ਹੁਣ ਬੜਾ ਖ਼ੂਬਸੂਰਤ, ਦਿਲਖਿਚਵਾਂ, ਉੱਚਾ ਅਤੇ ਸਫ਼ੈਦ ਗੁੰਬਦਾਂ ਵਾਲਾ 'ਗੁਰਦੁਆਰਾ ਸੀਸ ਗੰਜ ਸਾਹਿਬ' ਸੋਭਾ ਪਾ ਰਿਹਾ ਹੈ। ਸੀਸ ਦਾ ਸਸਕਾਰ 16 ਨਵੰਬਰ ਸੰਨ 1675 ਈਸਵੀ ਨੂੰ ਕੀਤਾ ਗਿਆ। ਸਸਕਾਰ ਵਾਲੇ ਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਕ ਥੜ੍ਹਾ ਬਣਵਾਇਆ ਸੀ ਜਿੱਥੇ ਹੁਣ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

ਦਸੰਬਰ 1705 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦਾ ਕਿਲ੍ਹਾ ਛੱਡਿਆ ਤਾਂ ਆਪ ਜੀ ਨੇ ਇਸ ਥਾਂ ਦੀ ਦੇਖਭਾਲ ਅਤੇ ਦੀਵੇ ਬੱਤੀ ਦੀ ਸੇਵਾ ਲਈ ਇਕ ਉਦਾਸੀ ਸਿੱਖ ਭਾਈ ਗੁਰਬਖਸ਼ ਨੂੰ ਇੱਥੇ ਟਿਕੇ ਰਹਿਣ ਦਾ ਆਦੇਸ਼ ਦਿੱਤਾ ਸੀ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਸੰਨ 1970 ਦੇ ਦਹਾਕੇ ਵਿਚ ਬਣ ਕੇ ਤਿਆਰ ਹੋਈ। ਇਸ ਦੀ ਸੇਵਾ ਸੰਤ ਸੇਵਾ ਸਿੰਘ ਜੀ ਨੇ ਕਰਵਾਈ। ਗੁਰਦੁਆਰਾ ਸਾਹਿਬ ਦੇ ਬਾਹਰ ਦਾ ਥੜ੍ਹਾ ਉਸੇ ਤਰ੍ਹਾਂ ਰਹਿਣ ਦਿੱਤਾ ਗਿਆ ਹੈ ਜਿਵੇਂ ਕਿ ਇਹ ਸਿੱਖ ਮਿਸਲਾਂ ਦੇ ਸਮੇਂ ਸੀ।

✧ ✧ ✧ ✧ ✧

# ਕਿਸਾਨ ਅੰਦੋਲਨ

ਕੇਂਦਰ ਦੇ ਬਣਾਏ ਤਿੰਨ ਖੇਤੀ ਕਾਨੂੰਨਾਂ (ਖੇਤੀ ਮੰਡੀਕਰਨ, ਕੰਟਰੈਕਟ ਖੇਤੀ ਅਤੇ ਜ਼ਰੂਰੀ ਵਸਤਾਂ ਵਿਚ ਸੋਧ) ਵਿਰੁੱਧ ਆਰੰਭ ਹੋਇਆ ਕਿਸਾਨ ਸੰਘਰਸ਼ ਹੁਣ ਦਿੱਲੀ ਦੀਆਂ ਬਰੂਹਾਂ ਤੇ ਆਪਣੀ ਚੜ੍ਹਤ ਵਿਚ ਹੈ। ਪੰਜਾਬ 'ਚ ਦੋ ਮਹੀਨਿਆਂ ਤੋਂ ਚਲ ਰਹੇ ਇਸ ਸੰਘਰਸ਼ ਦਾ ਰੁੱਖ ਜਦ ਦਿੱਲੀ ਵਲ ਹੋਇਆ ਤਾਂ ਹਰਿਆਣੇ ਤੋਂ ਇਲਾਵਾ ਉੱਤਰ ਪ੍ਰਦੇਸ਼, ਉੱਤਰਾਖੰਡ, ਰਾਜਸਥਾਨ ਤੇ ਦੇਸ਼ ਦੇ ਹੋਰ ਰਾਜਾਂ ਦੀਆਂ ਕਿਸਾਨ ਜਥੇਬੰਦੀਆਂ ਤੇ ਲੋਕਾਂ ਵੱਲੋਂ ਇਸ ਨੂੰ ਭਰਪੂਰ ਸਮਰਥਨ ਮਿਲਣਾ ਸ਼ੁਰੂ ਹੋਇਆ। ਸਮਾਜ ਦੇ ਵੱਖ-ਵੱਖ ਵਰਗਾਂ ਨੇ ਵੀ ਕਿਸਾਨ ਸੰਘਰਸ਼ 'ਚ ਆਪਣੀ ਹਾਜ਼ਰੀ ਲਵਾਉਂਦਿਆਂ ਇਸ ਨੂੰ ਮਜ਼ਬੂਤੀ ਪ੍ਰਦਾਨ ਕੀਤੀ।

ਹਾਲਾਂਕਿ ਕੇਂਦਰ ਸਰਕਾਰ ਆਪਣੇ ਪਾਸ ਕੀਤੇ ਤਿੰਨੇ ਕਾਨੂੰਨਾਂ (ਜੋ ਖੇਤੀ ਮਾਹਿਰਾਂ ਅਨੁਸਾਰ ਗ਼ੈਰ-ਸੰਵਿਧਾਨਕ ਹਨ) ਨੂੰ ਕਿਸਾਨ ਪੱਖੀ ਦੱਸ ਕੇ ਪ੍ਰਚਾਰ ਕਰ ਰਹੀ ਹੈ ਅਤੇ ਲੋਕਾਂ ਨੂੰ ਇਹ ਪ੍ਰਭਾਵ ਦੇ ਰਹੀ ਹੈ ਕਿ ਅਸੀਂ ਤਾਂ ਇਹ ਨਵੇਂ ਕਾਨੂੰਨ ਕਿਸਾਨਾਂ ਦੇ ਫ਼ਾਇਦੇ ਅਤੇ ਉਹਨਾਂ ਦੀ ਆਮਦਨ ਵਧਾਉਣ ਲਈ ਬਣਾਏ ਹਨ ਪਰ ਕੁਝ ਸਿਆਸੀ ਧਿਰਾਂ ਕਿਸਾਨਾਂ ਨੂੰ ਇਸਦੇ ਖ਼ਿਲਾਫ਼ ਭੜਕਾ ਰਹੀਆਂ ਹਨ ਜਿਸ ਕਰਕੇ ਉਹ ਅੰਦੋਲਨ ਤੇ ਉਤਾਰੂ ਹਨ। ਜਦਕਿ ਕਿਸਾਨ ਅੰਦੋਲਨ ਦੀ ਪੜਤਾਲ ਕੀਤੀ ਜਾਏ ਤਾਂ ਪਤਾ ਲਗਦਾ ਹੈ ਕਿ ਇਹ ਅੰਦੋਲਨ ਕਿਸਾਨ ਜਥੇਬੰਦੀਆਂ ਦੇ ਏਕੇ ਅਤੇ ਸਮਝ ਕਾਰਨ ਮਘਿਆ ਹੈ। ਇਸ ਅੰਦੋਲਨ ਦੀ ਅਗਵਾਈ ਕਰਨ ਵਾਲੇ ਆਗੂਆਂ ਨੇ ਕਿਸੇ ਵੀ ਪਾਰਟੀ ਦੇ ਸਿਆਸੀ ਲੀਡਰ ਨੂੰ ਹੁਣ ਤਕ ਆਪਣੀਆਂ ਸਟੇਜਾਂ ਤੋਂ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ। ਉਹਨਾਂ ਅਨੁਸਾਰ ਜੇਕਰ ਕੋਈ ਸਿਆਸੀ ਧਿਰ ਇਸਦਾ ਸਮਰਥਨ ਕਰਦੀ ਹੈ ਤਾਂ ਕਰੇ ਪਰ ਉਹ ਆਪਣੇ ਪਾਰਟੀ ਝੰਡੇ ਨਾਲ ਇਸ ਅੰਦੋਲਨ 'ਚ ਸ਼ਾਮਲ ਨਹੀਂ ਹੋ ਸਕਦੀ, ਉਹ ਸਿਰਫ਼ ਸੰਘਰਸ਼ੀ ਅਵਾਮ ਦਾ ਹਿੱਸਾ ਬਣਦਿਆਂ ਹੀ ਇਸ 'ਚ ਭਾਗ ਲੈ ਸਕਦੀ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਇਹ ਨਿਰੋਲ ਗ਼ੈਰ-ਸਿਆਸੀ ਅੰਦੋਲਨ ਹੈ ਜਿਸ ਦਾ ਮੁੱਖ ਨਿਸ਼ਾਨਾ ਖੇਤੀ ਬਿਲਾਂ ਦੀ ਵਾਪਸੀ ਮਿੱਥਿਆ ਗਿਆ ਹੈ।

ਕਿਸਾਨ ਅੰਦੋਲਨ ਦੀ ਚੜ੍ਹਤ ਨੂੰ ਦੇਖਦਿਆਂ ਸਰਕਾਰ ਨੇ ਖੇਤੀ ਆਗੂਆਂ ਨਾਲ ਕਈ ਗੇੜ ਦੀ ਗੱਲਬਾਤ ਵੀ ਕੀਤੀ ਹੈ ਪਰ ਗੱਲ ਕਿਸੇ ਤਣ-ਪੱਤਣ ਨਹੀਂ ਲੱਗੀ। ਇਨ੍ਹਾਂ ਬੈਠਕਾਂ 'ਚ ਖੇਤੀ ਕਾਨੂੰਨਾਂ ਬਾਰੇ ਭਰਵੀਂ ਬਹਿਸ ਵੀ ਹੋਈ ਜਿਸਦੇ ਨਤੀਜੇ ਵਜੋਂ ਸਰਕਾਰ ਵੱਲੋਂ ਇਨ੍ਹਾਂ ਕਾਨੂੰਨਾਂ ਦੀਆਂ ਕਈ ਮਦਾਂ 'ਚ ਤਰਮੀਮ ਕਰਨ ਸੰਬੰਧੀ ਪ੍ਰਸਤਾਵ ਕਿਸਾਨ ਆਗੂਆਂ ਨੂੰ ਭੇਜਿਆ ਗਿਆ ਹੈ, ਪਰ ਕਿਸਾਨ ਆਗੂ ਖੇਤੀ ਕਾਨੂੰਨਾਂ ਦੀ ਬਰਖ਼ਾਸਤਗੀ ਤੋਂ ਘੱਟ ਕੁਝ ਵੀ ਸਵੀਕਾਰ ਕਰਨ ਨੂੰ ਤਿਆਰ ਨਹੀਂ ਹਨ।

ਕਿਸਾਨ ਸੰਘਰਸ਼ 'ਚ ਆੜ੍ਹਤੀ, ਮਜ਼ਦੂਰ, ਵਕੀਲ, ਟਰਾਂਸਪੋਰਟਰ ਤੇ ਹੋਰ ਵਰਗਾਂ ਨੇ ਵੀ ਕਿਸਾਨਾਂ ਨੂੰ ਪੂਰਾ ਸਮਰਥਨ ਦਿੱਤਾ ਹੈ, ਕਿਉਂਕਿ ਨਵੇਂ ਖੇਤੀ ਕਾਨੂੰਨ ਲਾਗੂ ਹੋਣ ਨਾਲ ਇਹਨਾਂ ਵਰਗਾਂ ਤੇ ਵੀ ਇਸਦਾ ਮਾੜਾ ਅਸਰ ਪਵੇਗਾ। ਵੱਡੇ ਕਾਰੋਬਾਰੀ ਅਦਾਰਿਆਂ ਰਾਹੀਂ ਫ਼ਸਲ ਖ਼ਰੀਦਣ ਦਾ ਮੰਡੀਆਂ ਤੇ ਆੜ੍ਹਤੀਆਂ ਦੇ ਰੁਜ਼ਗਾਰ ਤੇ ਮਾਰੂ ਪ੍ਰਭਾਵ ਪਏਗਾ। ਘੱਟੋ-ਘੱਟ ਸਮਰਥਨ ਮੁੱਲ (MSP) ਦੇ ਨਾ ਰਹਿਣ ਤੇ ਕਾਰੋਬਾਰੀ ਅਦਾਰੇ ਫ਼ਸਲ ਦਾ ਮੁੱਲ ਆਪਣੇ ਹਿਸਾਬ ਨਾਲ ਤੈਅ ਕਰਨਗੇ ਜੋ ਕਿਸਾਨ ਦੇ ਹਿੱਤ ਵਿਚ ਨਹੀਂ ਹੋਏਗਾ। ਉਦਾਹਰਨ ਵਜੋਂ ਪੰਜਾਬ-ਹਰਿਆਣਾ (ਜਿੱਥੇ ਹਾਲੇ ਐਮ.ਐਸ.ਪੀ. ਲਾਗੂ ਹੈ) 1880 ਰੁ. ਦੇ ਲਗਭਗ ਪ੍ਰਤੀ ਕਵਿੰਟਲ ਵਿਕਣ ਵਾਲਾ ਝੋਨਾ ਉੱਤਰ ਪ੍ਰਦੇਸ਼, ਬਿਹਾਰ 'ਚ (ਜਿੱਥੇ ਐਮ.ਐਸ.ਪੀ. ਲਾਗੂ ਨਹੀਂ ਹੈ) 900 ਰੁ. ਪ੍ਰਤੀ ਕਵਿੰਟਲ ਤੇ ਵਿਕਿਆ ਹੈ । ਕੱਲ ਐਮ.ਐਸ.ਪੀ. ਨਾ ਰਹਿਣ ਨਾਲ ਪੰਜਾਬ-ਹਰਿਆਣਾ ਦੇ ਕਿਸਾਨਾਂ ਦਾ ਵੀ ਇਹੋ ਹਾਲ ਹੋਵੇਗਾ। ਕੰਟਰੈਕਟ ਫਾਰਮਿੰਗ 'ਚ ਸੁਝਾਏ ਗਏ ਨੁਕਤੇ ਵੀ ਕਾਰਪੋਰੇਟ ਘਰਾਣਿਆਂ ਨੂੰ ਫ਼ਾਇਦਾ ਪੁਚਾਣ ਵਾਲੇ ਹਨ ਜਿਹਨਾਂ ਤੋਂ ਕਿਸਾਨਾਂ ਨੂੰ ਭਲਕੇ ਆਪਣੀਆਂ ਜ਼ਮੀਨਾਂ ਦੇ ਇਹਨਾਂ ਘਰਾਣਿਆਂ ਕੋਲ ਚਲੇ ਜਾਣ ਦਾ ਖਦਸ਼ਾ ਹੈ। ਇਹਨਾਂ ਅਮੀਰ ਘਰਾਣਿਆਂ ਕੋਲ ਵਸੀਲੇ ਵਧ ਹੋਣ ਕਾਰਨ ਕਿਸਾਨ ਕਿਸੇ ਝਗੜੇ ਦੀ ਸੂਰਤ ਵਿਚ ਇਹਨਾਂ ਘਰਾਣਿਆਂ ਦਾ ਕਾਨੂੰਨ (ਜੋ ਸੀਮਤ ਪੱਧਰ ਤਕ ਹੀ ਲਾਗੂ ਹੋਏਗਾ) ਅਨੁਸਾਰ ਮੁਕਾਬਲਾ ਨਹੀਂ ਕਰ ਸਕਣਗੇ। ਕਿਸਾਨ ਆਗੂਆਂ ਨੇ ਇਹਨਾਂ ਸਾਰੇ ਕਾਨੂੰਨਾਂ ਦਾ ਚੰਗੀ ਤਰ੍ਹਾਂ ਮੁਤਾਲਿਆ ਕਰਨ ਤੋਂ ਬਾਅਦ ਹੀ ਇਹਨਾਂ ਨੂੰ ਕਿਸਾਨ ਵਿਰੋਧੀ ਗਰਦਾਨਿਆ ਹੈ ਤੇ ਸੰਘਰਸ਼ ਦੀ ਰਾਹੇ ਪਏ ਹਨ।

ਹੁਣ ਗੇਂਦ ਕੇਂਦਰ ਦੇ ਪਾਲੇ 'ਚ ਹੈ। ਕੇਂਦਰ ਨੂੰ ਚਾਹੀਦਾ ਹੈ ਤੇ ਸਨਿਮਰ ਬੇਨਤੀ ਵੀ ਹੈ ਕਿ ਉਹ ਇਹਨਾਂ ਕਾਨੂੰਨਾਂ ਤੇ ਮੁੜ ਵਿਚਾਰ ਕਰੇ ਤੇ ਉਹ ਕਦਮ ਚੁੱਕੇ ਜੋ ਕਿਸਾਨਾਂ ਦੇ ਹਿੱਤ 'ਚ ਹੋਣ, ਦੇਸ਼ ਦੇ ਹਿੱਤ ਵਿਚ ਹੋਣ। ਭਾਰਤ ਦੀ 65 ਫ਼ੀਸਦੀ ਤੋਂ ਵੱਧ ਆਬਾਦੀ ਖੇਤੀ ਖੇਤਰ ਨਾਲ ਸੰਬੰਧਤ ਹੈ। ਮੂਲ ਰੂਪ 'ਚ ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ ਜਿਸ ਵਿਚ ਸਨਅਤੀ ਵਿਕਾਸ ਦਾ ਦੌਰ ਅੰਗ੍ਰੇਜ਼ਾਂਦੇ ਆਉਣ ਨਾਲ ਸ਼ੁਰੂ ਹੋਇਆ ਤੇ ਆਜ਼ਾਦੀ ਦੇ ਬਾਅਦ ਇਸਦਾ ਵਧੇਰੇ ਵਿਕਾਸ ਹੋਇਆ। ਪੰਜਾਬ-ਹਰਿਆਣਾ ਦੋ ਅਜਿਹੇ ਸੂਬੇ ਹਨ ਜਿਹੜੇ ਦੇਸ਼ ਦੀਆਂ ਮੁੱਖ ਖੁਰਾਕੀ ਲੋੜਾਂ ਦਾ ਲਗਭਗ 60 ਫ਼ੀਸਦੀ ਹਿੱਸਾ ਪੂਰਾ ਕਰਦੇ ਹਨ। ਨਵੇਂ ਖੇਤੀ ਕਾਨੂੰਨਾਂ ਦਾ ਬਾਕੀ ਰਾਜਾਂ ਦੇ ਨਾਲ-ਨਾਲ ਪੰਜਾਬ-ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਤੇ ਵਧ ਅਸਰ ਹੈ। ਇਨ੍ਹਾਂ ਇਲਾਕਿਆਂ ਦੇ ਵੱਧ ਤੋਂ ਵੱਧ ਕਿਸਾਨ ਇਸ ਕਿਸਾਨ ਸੰਘਰਸ਼ ਦਾ ਹਿੱਸਾ ਬਣੇ ਹਨ ਜਿਸ ਸਦਕਾ ਦਿੱਲੀ ਦੇ ਸਿੰਘੂ ਬਾਰਡਰ, ਟੀਕਰੀ ਬਾਰਡਰ, ਗਾਜ਼ੀਪੁਰ ਬਾਰਡਰ ਆਦਿ ਕਈ ਮੀਲਾਂ ਦੇ ਵਰਕੇ 'ਚ ਕਿਸਾਨਾਂ ਨੇ ਇਸ ਕਰੜੀ ਠੰਢ ਦੇ ਬਾਵਜੂਦ ਆਪਣੀਆਂ ਟਰੈਕਟਰ-ਟਰਾਲੀਆਂ ਨਾਲ ਜਾਮ ਕੀਤੇ ਹੋਏ ਹਨ। ਕਿਸਾਨ ਹੀ ਨਹੀਂ, ਉਹਨਾਂ ਦੇ ਪਰਿਵਾਰ ਵੀ ਇਸ ਜੱਦੋ-ਜਹਿਦ 'ਚ ਉਹਨਾਂ ਦਾ ਸਾਥ ਨਿਭਾ ਰਹੇ ਹਨ। ਕੌਮਾਂਤਰੀ ਪੱਧਰ ਤੇ ਇਸ ਸੰਘਰਸ਼ ਦੀ ਗੂੰਜ ਸੁਣਾਈ ਦੇ ਰਹੀ ਹੈ। ਭਾਰਤ ਦੇ ਬਾਕੀ ਪ੍ਰਾਂਤਾਂ 'ਚ ਵੀ ਸਥਾਨਕ ਪੱਧਰ ਤੇ ਕਿਸਾਨਾਂ ਦੇ ਹੱਕ 'ਚ ਵੱਡੇ ਮੁਜ਼ਾਹਰੇ ਹੋਏ ਹਨ। ਵਿਰੋਧੀ ਪਾਰਟੀਆਂ ਨੇ ਵੀ ਕੇਂਦਰ ਨੂੰ ਇਸ ਪ੍ਰਤੀ ਸੁਹਿਰਦਤਾ ਨਾਲ ਪੇਸ਼ ਆਉਣ ਲਈ ਬਾਰ-ਬਾਰ ਕਿਹਾ ਹੈ। ਗਰਜ਼ ਕਿ ਪੰਜਾਬ ਦੇ ਕਿਸਾਨਾਂ ਦੀ ਅਗੁਵਾਈ 'ਚ ਚੱਲ ਰਿਹਾ ਅਤੇ ਪਿਛਲੇ 100 ਸਾਲਾਂ ਦੇ ਵਕਫ਼ੇ 'ਚ ਇੰਨੇ ਵੱਡੇ ਪੱਧਰ ਤੇ ਹੋ ਰਿਹਾ ਇਹ ਅੰਦੋਲਨ, ਜਾਪਦਾ ਹੈ ਇਤਿਹਾਸ ਦੀ ਇਕ ਨਵੀਂ ਇਬਾਰਤ ਲਿਖਦਿਆਂ ਕਿਸੇ ਠੋਸ ਨਿਰਣੇ ਤੇ ਪਹੁੰਚ ਕੇ ਹੀ ਦਮ ਲਵੇਗਾ। ਜੇ ਸਰਕਾਰ ਦੀ ਅੜੀ ਕਾਇਮ ਰਹੀ ਤਾਂ ਭਾਰਤ ਦੇ ਸਖ਼ਤਜਾਨ ਕਿਸਾਨ ਵੀ ਨਜ਼ਰ ਆਉਂਦੀਆਂ ਸੰਭਾਵਿਤ ਚੁਣੌਤੀਆਂ ਦੇ ਬਾਵਜੂਦ ਡਟੇ ਰਹਿਣ ਦੇ ਮੂਡ 'ਚ ਹਨ। ਅਰਦਾਸ ਹੈ ਪਰਵਰਦਗਾਰ ਦੇ ਚਰਨਾਂ 'ਚ ਤੇ ਅਪੀਲ ਹੈ ਸਰਕਾਰਾਂ ਨੂੰ, ਉਹ ਸੁਹਿਰਦਤਾ ਅਤੇ ਖੁਲਦਿਲੀ ਨਾਲ ਆਪਣੇ ਹੀ ਦੇਸ਼ ਦੇ ਉਹਨਾਂ ਕਿਸਾਨਾਂ ਦੇ ਹਿੱਤਾਂ ਦਾ ਖ਼ਿਆਲ ਰੱਖਦਿਆਂ ਨਿਰਣੇ ਲੈਣ, ਜਿਨ੍ਹਾਂ ਰਾਹੀਂ ਪੈਦਾ ਕੀਤਾ ਅੰਨ ਨਾ ਸਿਰਫ਼ ਆਮ-ਖ਼ਾਸ ਦਾ ਪੇਟ ਭਰਦਾ ਹੈ, ਸਗੋਂ ਸਰਕਾਰੀ ਆਗੂਆਂ ਦੇ ਨਾਲ-ਨਾਲ ਉਹਨਾਂ ਵੱਡੇ ਕਾਰੋਬਾਰੀ ਘਰਾਣਿਆਂ ਦਾ ਵੀ ਜਿਨ੍ਹਾਂ ਦੇ ਹਿੱਤ ਸ਼ਾਇਦ ਇਸ ਵੇਲੇ ਸਰਕਾਰਾਂ ਨੂੰ ਕਿਸਾਨਾਂ ਨਾਲੋਂ ਵਧੇਰੇ ਮੁਫੀਦ ਜਾਪ ਰਹੇ ਹਨ।

❖ **ਮਨਿੰਦਰ ਸਿੰਘ ਸੋਨੀ**, 9891591206

# ਕਿਸਾਨ ਅੰਦੋਲਨ ਨੂੰ ਸਮਰਪਿਤ ਕਵਿਤਾਵਾਂ

ਕੇਂਦਰ ਵਜੋਂ ਕਿਸਾਨਾਂ ਤੇ ਥੋਪੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਬਹੁਤ ਸਾਰੇ ਨਾਮਵਰ ਕਵੀਆਂ, ਖਿਡਾਰੀਆਂ ਤੇ ਗਾਇਕਾਂ ਨੇ ਸਰਕਾਰ ਵੱਲੋਂ ਦਿੱਤੇ ਇਨਾਮ ਵਾਪਸ ਕਰ ਦਿੱਤੇ ਹਨ। ਪੰਜਾਬੀ ਦੇ ਨਾਮੀ ਕਵੀ ਸੁਰਜੀਤ ਪਾਤਰ ਨੇ ਭਾਰਤ ਸਰਕਾਰ ਵੱਲੋਂ ਦਿੱਤਾ ਪਦਮਸ਼੍ਰੀ ਰੋਸ ਵਜੋਂ ਵਾਪਸ ਕਰ ਦਿੱਤਾ ਹੈ। ਪੇਸ਼ ਹੈ ਉਨ੍ਹਾਂ ਦੀ ਇਕ ਕਵਿਤਾ ਤੇ ਨਾਲ ਹੀ ਲਾਲਾ ਬਾਂਕੇ ਦਿਆਲ ਦੀ ਉਹ ਕਵਿਤਾ ਜੋ 1907 ਈ. ਵਿਚ ਅਬਾਦਕਾਰਾਂ ਨਾਲ ਕੀਤੇ ਗਏ ਸਮਝੌਤਿਆਂ ਵਿਰੁੱਧ ਉਪਜੀ ਬੇਚੈਨੀ ਦੀ ਯਾਦ ਦਵਾਉਂਦੀ ਹੈ ਤੇ ਉਭਰਦੀ ਕਵਿੱਤਰੀ ਪ੍ਰਭਜੋਤ ਕੌਰ ਦੀ ਕਵਿਤਾ ਵੀ ਇਸੇ ਪ੍ਰਸੰਗ 'ਚ ਹੈ। ਉਸ ਵੇਲੇ ਦੀ ਬਰਤਾਨਵੀ ਸਰਕਾਰ ਨੇ ਕਿਸਾਨੀ ਵਿਰੋਧ ਕਾਰਨ ਬਿਲ ਵਾਪਸ ਲੈ ਲਏ ਸਨ ਤੇ ਅੱਜ ਦੀ ਸਾਡੀ ਆਪਣੀ ਚੁਣੀ ਸਰਕਾਰ ਦੇਸ਼ ਦੇ ਅੰਨਦਾਤਾ ਦੀ ਪੀੜ ਨੂੰ ਮਹਿਸੂਸ ਕਰਨੋਂ ਇਨਕਾਰੀ ਹੈ।

## ਇਹ ਬਾਤ

ਇਹ ਬਾਤ ਨਿਰੀ ਇੰਨੀ ਹੀ ਨਹੀਂ
ਨਾਂ ਇਹ ਮਸਲਾ ਸਿਰਫ ਕਿਸਾਨ ਦਾ ਏ,
ਇਹ ਪਿੰਡ ਦੇ ਵਸਦੇ ਰਹਿਣ ਦਾ ਏ,
ਇਹ ਤੌਖ਼ਲਾ ਉੱਜੜ ਜਾਣ ਦਾ ਏ,
ਉਂਜ ਤਾਂ ਇਹ ਚਿਰਾਂ ਦਾ ਉੱਜੜ ਰਿਹਾ,
ਇਹ ਅੱਜ ਨਹੀ ਉੱਜੜਨ ਲੱਗਿਆ ਏ,
ਇਹਨੂੰ ਗੈਰਾਂ ਨੇ ਵੀ ਲੁੱਟਿਆ ਏ,
ਤੇ ਆਪਣਿਆਂ ਵੀ ਠੱਗਿਆ ਏ,
ਇਹਦਾ ਮਨ ਪਿੰਡੇ ਤੋਂ ਵੱਧ ਜ਼ਖ਼ਮੀ,
ਦੁੱਖ ਰੂਹ ਤੋਂ ਵਿੱਛੜ ਜਾਣ ਦਾ ਏ,
ਇਹ ਬਾਤ ਨਿਰੀ ਇੰਨੀ ਹੀ ਨਹੀ....

ਇਹ ਬਾਤ ਨਿਰੀ ਖੇਤਾਂ ਦੀ ਨਹੀਂ,
ਇਹ ਗੱਲ ਤਾਂ ਸਫ਼ਿਆਂ ਦੀ ਵੀ ਹੈ,
ਅੱਖਰ ਨੇ ਜਿਨ੍ਹਾਂ ਤੇ ਬੀਜਾਂ ਜਿਹੇ,
ਉਹਨਾਂ ਸੱਚ ਦੇ ਫ਼ਲਸਫ਼ਿਆਂ ਦੀ ਵੀ ਹੈ,
ਮੈਨੂੰ ਫਿਕਰ ਹੈ ਲਾਲੋ ਦੇ ਕੋਧਰੇ ਦਾ,
ਤੈਨੂੰ ਭਾਗੋ ਦੇ ਪਕਵਾਨ ਦਾ ਏ,
ਇਹ ਬਾਤ ਨਿਰੀ ਇੰਨੀ ਹੀ ਨਹੀਂ.....

ਉਹ ਆਖੀ ਸੀ ਇਕ ਪੁਰਖੇ ਨੇ,
ਉਹ ਬਾਤ ਅਜੇ ਤੱਕ ਹੈ ਸੱਜਰੀ,
ਨਹੀ ਕੰਮ ਥਕਾਉਂਦਾ ਬੰਦੇ ਨੂੰ,
ਬੰਦੇ ਨੂੰ ਥਕਾਉਂਦੀ ਬੇਕਦਰੀ,
ਇਹ ਦੁੱਖ ਉਸੇ ਬੇਕਦਰੀ ਦਾ,
ਇਹ ਸਲ੍ਹ ਉਸੇ ਅਪਮਾਨ ਦਾ ਏ
ਇਹ ਬਾਤ ਨਿਰੀ ਇੰਨੀ ਹੀ ਨਹੀਂ ....

ਖੂਹ ਵਗਦੇ ਵਗਦੇ ਸ਼ਪਨ ਹੋਏ,
ਹੁਣ ਬਾਤ ਨੀ ਸਦੀਆਂ ਗਈਆਂ ਦੀ,
ਮੈਂ ਜਾਣਦਾਂ ਯੁੱਗ ਬਦਲਦੇ ਨੇ,
ਤਿੱਖੀ ਰਫ਼ਤਾਰ ਹੈ ਪਹੀਆਂ ਦੀ,
ਬੰਦੇ ਨੂੰ ਮਿੱਧ ਕੇ ਨਾਂ ਲੰਘ ਜਾਵਣ,
ਇਹ ਫ਼ਰਜ਼ ਵੀ ਨੀਤੀਵਾਨ ਦਾ ਏ,
ਇਹ ਬਾਤ ਨਿਰੀ ਇੰਨੀ ਹੀ ਨਹੀਂ ....

ਤੇਰੇ ਵੱਡੇ ਵੱਸਣ ਘਰਾਣੇ ਵੀ,
ਸਾਡੇ ਰਹਿਣ ਦੇ ਨਿੱਕੇ ਘਰ ਵਸਦੇ,
ਸੱਭ ਚੁੱਲ੍ਹਿਆਂ ਵਿੱਚ ਅੱਗ ਬਲਦੀ ਰਹੇ,
ਸੱਭ ਧੀਆਂ ਪੁੱਤ ਵਸਦੇ ਰਸਦੇ,
ਇਹ ਗੱਲ ਸਭਨਾਂ ਦੇ ਵੱਸਣ ਦੀ ਹੈ,
ਇਹ ਜਸ਼ਨ ਤਾਂ ਵੰਡਕੇ ਖਾਣ ਦਾ ਏ,
ਇਹ ਬਾਤ ਨਿਰੀ ਇੰਨੀ ਹੀ ਨਹੀਂ ....

ਕਿਉਂ ਧੀ ਕਿਸੇ ਕਿਰਤੀ ਕੰਮੀ ਦੀ,
ਉਹਨਾਂ ਦੀ ਖ਼ਾਤਿਰ ਧੀ ਹੀ ਨਹੀਂ,
ਜੋ ਪੁੱਤ ਨੇ ਡਾਢਿਆਂ ਦੇ ਜਾਏ,
ਉਹਨਾਂ ਦੀ ਕਿਤੇ ਪੇਸ਼ੀ ਹੀ ਨਹੀਂ,
ਤੂੰ ਡਰ ਉਹਨਾਂ ਦੀ ਅਦਾਲਤ ਤੋਂ,
ਜਿੱਥੇ ਹੋਣਾਂ ਅਦਲ ਇਮਾਨ ਦਾ ਏ,
ਇਹ ਬਾਤ ਨਿਰੀ ਇੰਨੀ ਹੀ ਨਹੀਂ ....

ਤੇਰੇ ਨਾਲ ਵਜ਼ੀਰ ਅਮੀਰ ਖੜੇ,
ਮੇਰੇ ਨਾਲ ਪੈਗ਼ੰਬਰ ਪੀਰ ਖੜੇ,
ਰਵਿਦਾਸ ਫ਼ਰੀਦ ਕਬੀਰ ਖੜੇ,
ਮੇਰੇ ਨਾਨਕ ਸ਼ਾਹ ਫ਼ਕੀਰ ਖੜੇ,
ਮੇਰਾ ਨਾਮਦੇਵ ਮੇਰਾ ਧੰਨਾਂ ਵੀ,
ਮੈਨੂੰ ਮਾਣ ਆਪਣੀ ਇਸ ਸ਼ਾਨ ਦਾ ਏ,
ਇਹ ਬਾਤ ਨਿਰੀ ਇੰਨੀ ਹੀ ਨਹੀਂ ....

❖ **ਸੁਰਜੀਤ ਪਾਤਰ**

## ਪਗੜੀ ਸੰਭਾਲ ਜੱਟਾ

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓ,
ਲੁੱਟ ਲਿਆ ਮਾਲ ਤੇਰਾ, ਲੁੱਟ ਲਿਆ ਮਾਲ ਓ।

ਫ਼ਸਲਾਂ ਨੂੰ ਖਾ ਗਏ ਕੀੜੇ, ਤਨ ਤੇ ਨਾ ਦਿਸਦੇ ਲੀੜੇ।
ਭੁੱਖਾਂ ਨੇ ਖ਼ੂਬ ਨਪੀੜੇ, ਰੋਂਦੇ ਨੀ ਬਾਲ ਓ।
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓ।

ਹਿੰਦ ਹੈ ਮੰਦਰ ਤੇਰਾ ਇਸ ਦਾ ਪੁਜਾਰੀ ਓ,
ਝੱਲੇਂਗਾ ਅਜੇ ਕਦ ਤਕ ਹੋਰ ਖੁਆਰੀ ਓ,
ਮਰਨੇ ਦੀ ਕਰ ਲੈ ਹੁਣ ਤੂੰ ਛੇਤੀ ਤਿਆਰੀ ਓ,
ਮਰਨੇ ਤੋਂ ਜੀਣਾ ਭੈੜਾ ਹੋ ਕੇ ਬੇਹਾਲ ਓ,
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓ।

ਮੰਨਦੀ ਨਾ ਗੱਲ ਸਾਡੀ ਭੈੜੀ ਸਰਕਾਰ ਓ,
ਅਸੀਂ ਕਿਉਂ ਮੰਨੀਏ ਵੀਰੋ ਏਸ ਦੀ ਕਾਰ ਓ,
ਹੋ ਕੇ ਇਕੱਠੇ ਵੀਰੋ ਮਾਰੋ ਲਲਕਾਰ ਓ,
ਤਾੜੀ ਦੋਹੱਥੜ ਵੱਜੇ ਛਾਤੀਆਂ ਨੂੰ ਤੋੜ ਓ,
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓ।

ਲਿਖ ਲਿਖ ਚਿੱਠੀਆਂ ਐਵੇਂ ਲਾਟ ਨੂੰ ਘੱਲੀਆਂ,
ਭੁੜ ਹੋ ਗਈਆਂ ਲੋਕੋ ਸਭ ਤਰਥੱਲੀਆਂ,
ਜਿਹੜੀ ਕੀਤੀ ਸੀ ਪਿਛੋਂ ਹਾਲ ਓ ਹਾਲ ਓ,
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓ।

ਸਾਡੀਆਂ ਗੱਲਾਂ ਗਈਆਂ ਭੋਹ ਦੇ ਮੁੱਲ ਓ,
ਜਾਤਾਂ ਨਾ ਸਾਨੂੰ ਸਾਡੇ ਲਾਟ ਨੇ ਭੁੱਲ ਓ,
ਕੀਤਾ ਨਾ ਕਿਸੇ ਸਾਡੇ ਦੁੱਖ ਦਾ ਖਿਆਲ ਓ,
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓ।

❖ **ਲਾਲਾ ਬਾਂਕੇ ਦਿਆਲ**

## ਮਿੱਟੀ, ਮਾਂ ਤੋਂ ਉੱਚੀ

ਕਮੀਨ ਖੇਡ ਖੇਡ ਰਿਹਾ
ਸਿਆਸਤਦਾਨ ਅਨਜਾਣ ਜਿਹਾ,
ਨਹੀਂ ਜਾਣਦਾ ਅਡੋਲ ਖਲੋਤਾ
ਖ਼ਾਲਸ ਜਾਨ ਕਿਸਾਨ ਜਿਹਾ
ਨਿਮਾਣਾ ਨਹੀਂ
ਨਾ ਹੀ ਭੁੱਖੇ ਉਸ ਮਰਨਾ
ਉਹ ਤਾਂ ਅਣਦਾਤਾ ਸਭਨਾ ਦਾ,
ਫੌਲਾਦ ਇਰਾਦੇ
ਰੱਖਦਾ ਉਹ ਤਾਂ
ਤਾਇਓ ....
ਬਰਸਾਤ-ਧੁੱਪ-ਠੰਡ -ਕੜਾਕਾ
ਸਭ ਜ਼ਰਦਾ - ਹੱਸਦਾ ਜਿਉਂਦਾ ਉਹ,
ਤੇਰੀ ਈਨ ਨਾ
ਮੰਨਣੀ ਉਸ ਅੱਜ
ਹੱਸ ਚੁੰਮ ਸੂਲੀ
ਉਸ ਚੜ੍ਹ ਜਾਨਾ
ਖੇਤ ਨਹੀਂ,
ਇਹ ਤਾਂ ਪੁੱਤ ਨੇ ਉਸ ਦੇ
ਸਿਣਚੇ ਉਸ ਰੱਜ ....
ਰੂਹ ਸਦਕੇ।
ਮਾਰ ਸੁੱਟੇ ....
ਇਕ ਮਿੰਟ ਨਾ ਲਾਵੈ
ਜੋ ਨਜ਼ਰ ਕਰੇ
ਇਸ ਮਿੱਟੀ ਵਲ।
ਉਦਯੋਗ ਨਹੀਂ
ਨਾ ਹੀ ਰਣਨੀਤੀ
ਇਹ ਤਾਂ ਧਰਮ
ਗੁਰਾਂ ਸਿਖਾਇਆ ਵੇ।
ਹੱਥੀਂ ਕਰਮ ਕਰ ਸੇਵਾ ਸਿਜਦਾ
ਧਰਮ ਦਾ ਰਾਹ ਵਿਖਾਇਆ ਵੇ
ਮੇਰੇ ਗੁਰੂ ਨਾਨਕ ਨੇ ਕਰਤਾਰਪੁਰ 'ਚ
ਇਸ ਮਿੱਟੀ ਤੇ ਹੱਲ ਚਲਾਇਆ ਸੀ
ਤਾਇਓਂ ਅੱਜ ਤੱਕ ਕੋਈ ਕਾਨੂੰਨ ਵੀ
ਉਸਦਾ ਹੱਕ ਨਾ
ਛਿਣ ਪਾਇਆ
ਤੂੰ ਕੀ ਜਾਣੇ
ਜਾਲਮ ਸਰਕਾਰੇ
"ਮਿੱਟੀ"
"ਮਾਂ" ਤੋਂ ਉੱਚੀ ਆ।

❖ **ਪ੍ਰਭਜੋਤ ਕੌਰ**

✧ ✧ ✧ ✧ ✧

# Guru Tegh Bahadur and Religious Freedom

❖ Prof. Abdul Majid Khan

The source of inspiration of all prophets and poets, discoverers in science and dreamers in philosophy has been truth. But attachment of Truth has also led to untold suffering and the history of humanity affords ample proof of the fact that men of spiritual illumination invariably suffered at the hands of those whose minds were conditioned by blind prejudice or by insensate hatred or by overweening pride. Guru Tegh Bahadur – the ninth Master, is one of the greatest world martyrs like Socrates, Jesus, and Hussain. He stood up for religious freedom and for promoting the spirit of republicanism in religion. The Mughal Emperor Jehangir developed a prejudice against Guru Arjan Dev and prohibiting all attempts at converting Muhammdans and severely punished those Muslims who were converted either to Hinduism or to Sikhism. In reality, "Sikhism was founded to transcend the division between Hindus and Muslims, by preaching the gospel of the higher values to all men in terms that all men could accept." And then Mughal Raj in India was wrecked by Aurangzeb's departure from a policy of tolerating Hinduism that had been taken over by Akbar, from some previous Muslim rules in India.

**Persecution of Pundits**

At the instance of Aurangzeb, Sher Afgan Khan, the viceroy of Kashmir started wholesale conversion to Islam of the Pundits living in the beautiful valley of Kashmir. Thousands of the Hindus were compelled to go over to the Muslim faith. A deputation of the Brahmins of Kashmir waited on Guru Tegh Bahadur, who deeply touched by the tale of their woes and privations and remarked, "The world is grieved by the oppression of the Turks. No brave man is now to be found. He who is willing to sacrifice his life shall free the earth from the tyranny of the Muhammadans." On hearing these words, the child (Gobind Singh) replied, "For that purpose who is more worthy than thou, who art both generous and brave." The ninth Guru, i.e., Guru Tegh Bahadur then solemnly promised to come to the rescue of the Hindu population of Kashmir. This infuriated Aurangzeb considerably. He ordered the arrest of the Guru, who was told "Thou art to accept the Muhammadan religion or work a miracle. If thou work a miracle thou may remain a Guru as thou art. If thou accept Islam, then thou shall be advanced to an exalted position and be happy. If thou fail to accept these orders, thou shall be put to death. This is my final decision."

Guru Tegh Bahadur was kept in solitary confinement for some days. Suffering invariable strengthens character of noble souls, so the Guru pitted his iron will against the imperial power of the Mughal tyrant and accepted the challenge of insolent might. With the result that he was executed on the fifth day of the light half of the month of Maghar, 1675 A.D. The vital point worth underlining is that the Guru himself never believed either in *Tilak* or in *Janau*, but in the words of his son (Guru Gobind Singh), "He protected the frontal (forehead) marks and sacrificial threads of the Hindus. And displayed great bravery in this vicious (*Kal*) age." Guru Tegh Bahadur could never tolerate the idea of putting penalties upon opinions in the spiritual sphere, as he strongly championed the cause of religious freedom. He denounced those who thought in terms of being special recipients of his grace and special vehicles of his means of salvation. His plea was for a change of heart, for purging it of filth and impurities.

**Real Religion**

Guru Tegh Bahadur hit the nail on the head by saying :-

*"Going on pilgrimages, fasting and giving alms,*
*While pride is in the heart.*
*These things are fruitless as an elephant's bathing."*

Also he admonishes the virtuous folk in the following words :-

*"O good people, the heart cannot be restrained,*
*It is fickly, greed abideth with it.*
*Therefore it cannot be kept stable.*
*Within it is violent rage, which*
... ... ...
*Causeth all wisdom to be forgotten,"*

Again,

*"That man is happy who singeth God's praises,*
*Mammon hath bewitched all the rest of men.*
*They shall not obtain fearless dignity."*

We are erring mortals and within us are so many conflicting desires; desire of power, of social position, of bodily comfort, of fleeting pleasure, of flattery, of achievement, of reputation. So when we choose, often the choice is evil. Sooner or later we realize that we are not satisfied; there is a vacuum, a void, a famine in us and all that is left is more 'husks'; our choice even produces a nausea and we get sick of it. But the choice of Guru Tegh Bahadur was one of the highest good, one of the internal integration of the individual. Religion according to him was neither emotionalism, nor sloppy or sugary sentimentalism, much less ➢

# ਯੁਵਾ ਸਾਹਿਤੀ ਦੇ ਤਹਿਤ ਸਾਹਿਤ ਤੇ ਸਿਨੇਮਾ ਦੇ ਸੰਬੰਧਾਂ ਬਾਰੇ ਹੋਈ ਵਿਚਾਰ-ਚਰਚਾ

ਨਵੀਂ ਦਿੱਲੀ, 11 ਦਸੰਬਰ 2020 : ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਨੌਜਵਾਨਾਂ ਲਈ ਹਰ ਮਹੀਨੇ ਦੇ ਦੂਜੇ ਸ਼ੁਕਰਵਾਰ ਨੂੰ ਹੋਣ ਵਾਲੇ ਪ੍ਰੋਗਰਾਮ 'ਯੁਵਾ ਸਾਹਿਤੀ' ਦੇ ਤਹਿਤ ਇਸ ਵਾਰ ਸਾਹਿਤ ਤੇ ਸਿਨੇਮਾ ਦੇ ਸੰਬੰਧਾਂ ਬਾਰੇ ਵਿਚਾਰ-ਚਰਚਾ ਕੀਤੀ ਗਈ। ਇਸ ਵਿਚ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਖੋਜਾਰਥੀ ਅਤੇ ਸਿਨੇਮਾ ਮਾਹਿਰ ਰਾਜੀਵ ਸ਼ਰਮਾ ਅਤੇ ਖੋਜਾਰਥੀ ਗੌਰਵ ਨੇ ਆਪਣੇ ਵਿਚਾਰ ਰੱਖੇ। ਪੰਜਾਬੀ ਵਿਭਾਗ ਤੋਂ ਹੀ ਖੋਜਾਰਥੀ ਸੰਦੀਪ ਕੌਰ ਨੇ ਇਸਦਾ ਸੰਚਾਲਨ ਕੀਤਾ। ਸਦਨ ਦੇ ਰੀਸਰਚ ਸਕਾਲਰ ਦਵਿੰਦਰ ਸਿੰਘ ਇਸਦੇ ਕਨਵੀਨਰ ਸਨ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ-ਆਇਆਂ ਕਹਿਣ ਤੋਂ ਬਾਅਦ ਪੰਜਾਬੀ ਸਿਨੇਮਾ ਦੇ ਪਰਿਪੇਖ 'ਚ ਬੋਲਦਿਆਂ ਕਿਹਾ ਕਿ ਕੀ ਕਾਰਨ ਹੈ ਜਦਕਿ ਬਾਲੀਵੁੱਡ 'ਚ ਪੰਜਾਬੀਆਂ ਦਾ ਬੋਲਬਾਲਾ ਹੈ ਪਰ ਅਸੀਂ ਪੰਜਾਬੀ ਸਿਨੇਮਾ 'ਚ ਫ਼ਿਲਮਾਂ ਦਾ ਉਹ ਮਿਆਰ ਕਾਇਮ ਨਹੀਂ ਕਰ ਸਕੇ ਜੋ ਬੰਗਾਲੀ ਸਿਨੇਮਾ ਜਾਂ ਦੱਖਣੀ ਭਾਰਤ ਦੀਆਂ ਕਲਾ ਫ਼ਿਲਮਾਂ ਦਾ ਹੈ। ਇਸ ਪੱਖੋਂ ਉਹਨਾਂ ਨੌਜਵਾਨਾਂ ਨੂੰ ਇਸ ਖੇਤਰ 'ਚ ਅੱਗੇ ਆਉਣ ਅਤੇ ਪੰਜਾਬੀ ਸਿਨੇਮਾ ਨੂੰ ਬਿਹਤਰ ਲੀਹਾਂ ਤੇ ਢਾਲਣ ਲਈ ਕਿਹਾ। ਪ੍ਰੋਗਰਾਮ ਦੇ ਕਨਵੀਨਰ ਦਵਿੰਦਰ ਸਿੰਘ ਨੇ ਨੌਜਵਾਨਾਂ ਲਈ ਆਰੰਭ ਕੀਤੇ ਇਸ ਪ੍ਰੋਗਰਾਮ ਦੇ ਮਕਸਦ ਬਾਰੇ ਦੱਸਦਿਆਂ ਪ੍ਰਮੁੱਖ ਵਕਤਿਆਂ ਨਾਲ ਸੰਖੇਪ ਜਾਣ-ਪਛਾਣ ਕਰਾਈ। ਇਸ ਤੋਂ ਬਾਅਦ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਸੰਦੀਪ ਕੌਰ ਨੇ ਯਥਾਰਥ ਦੀ ਪੇਸ਼ਕਾਰੀ ਨਾਲ ਸੰਬੰਧਿਤ ਦੋਵੇਂ ਪ੍ਰਮੁੱਖ ਕਲਾ ਰੂਪ- ਸਾਹਿਤ ਤੇ ਸਿਨੇਮਾ ਅਤੇ ਉਹਨਾਂ ਦੇ ਸੰਬੰਧਾਂ ਬਾਰੇ ਸੰਖਿਪਤ ਪਰੀਚੈ ਦਿੰਦਿਆਂ ਵਕਤਿਆਂ ਨੂੰ ਇਸ ਬਾਰੇ ਚਰਚਾ ਕਰਨ ਲਈ ਸੱਦਾ ਦਿੱਤਾ। ਰਾਜੀਵ ਸ਼ਰਮਾ ਨੇ ਏਸ਼ੀਆ ਦੇ ਬਿਹਤਰੀਨ ਈਰਾਨ ਸਿਨੇਮਾ ਤੋਂ ਆਪਣੀ ਗੱਲ ਸ਼ੁਰੂ ਕਰਦਿਆਂ ਸਿਨੇਮਾ ਦੇ ਇਤਿਹਾਸ ਨੂੰ ਫਰੋਲਿਆ। ਰਾਜੀਵ ਅਨੁਸਾਰ ਸਾਹਿਤ ਦਾ ਆਰੰਭ ਤਾਂ ਸਦੀਆਂ ਪੁਰਾਣਾ ਹੈ ਪਰ ਸਿਨੇਮਾ ਦੀ ਸ਼ੁਰੂਆਤ 20ਵੀਂ ਸਦੀ 'ਚ ਫ਼ਰਾਂਸ 'ਚ ਹੋਈ ਜੋ ਪਹਿਲਾਂ ਕਲਾ ਰੂਪ, ਫਿਰ ਹਾਲੀਵੁੱਡ ਦੇ ਕਮਰਸ਼ੀਅਲ ਸਿਨੇਮਾ ਤੋਂ ਹੁੰਦਾ ਹੋਇਆ ਆਮ ਬੰਦੇ ਦੇ ਦੁੱਖ-ਦਰਦ ਦਾ ਹਾਣੀ ਬਣਿਆ। ਪੰਜਾਬ ਦੇ ਸਿਨੇਮਾ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਅਸੀਂ ਅਜੇ ਤਕ ਦਰਸ਼ਕਾਂ ਦੇ ਹਾਣ ਦੇ ਸਿਨੇਮਾ ਦੀ ਸਿਰਜਨਾ ਨਹੀਂ ਕਰ ਸਕੇ। ਇਸ ਲਈ ਡਾਇਰੈਕਟਰ, ਸਾਹਿਤ ਲੇਖਕ ਅਤੇ ਦਰਸ਼ਕ ਵਿਚਕਾਰ ਇਕ ਸੰਤੁਲਿਤ ਸਮਝ ਬਣਾ ਕੇ ਚੱਲਣ ਦੀ ਲੋੜ ਹੈ, ਤੇ ਇਸ ਤੋਂ ਵੀ ਵੱਧ ਸਿਨੇਮਾ ਨੂੰ ਅੱਜ ਦੇ ਸਮੇਂ ਨਾਲ ਜੋੜਨ ਦੀ ਲੋੜ ਹੈ। ਗੌਰਵ ਨੇ ਸਿਨੇਮਾ ਦੀ ਵੱਧ ਮਕਬੂਲੀਅਤ ਤੋਂ ਆਪਣੀ ਗੱਲ ਸ਼ੁਰੂ ਕਰਦਿਆਂ ਸਾਹਿਤ-ਸਿਨੇਮਾ ਦੇ ਆਪਸੀ ਸੰਬੰਧਾਂ ਨੂੰ ਚਿਤਵਿਆ। ਉਨ੍ਹਾਂ ਅਨੁਸਾਰ ਦੋਵਾਂ ਦਾ ਮਕਸਦ ਯਥਾਰਥ ਦੀ ਪੇਸ਼ਕਾਰੀ ਹੈ ਪਰ ਸਾਹਿਤ 'ਚ ਜਿੱਥੇ ਇਹ ਕੰਮ ਸ਼ਬਦਾਂ ਨਾਲ ਹੁੰਦਾ ਹੈ ਉੱਥੇ ਸਿਨੇਮਾ ਇਸ ਨੂੰ ਕੈਮਰੇ ਦੀ ਅੱਖ ਤੋਂ ਪੇਸ਼ ਕਰਦਾ ਹੈ। ਸਾਹਿਤ ਨੂੰ ਸਿਨੇਮਾ 'ਚ ਢਾਲਣ ਲਈ ਸਿਨੇਮਾ ਦੀਆਂ ਕਲਾ ਜੁਗਤਾਂ ਮੁਤਾਬਕ ਇਸ ਵਿਚ ਤਬਦੀਲੀ ਕਰਨੀ ਪੈਂਦੀ ਹੈ ਜਿਸ ਵਿਚ ਕਈ ਵਾਰ ਅੜਿੱਕੇ ਪੇਸ਼ ਆਉਂਦੇ ਹਨ। ਅਸੀਂ ਬਹੁਤ ਘੱਟ ਚੰਗੀਆਂ ਫ਼ਿਲਮਾਂ ਬਣਾ ਸਕੇ ਹਾਂ ਜਦਕਿ ਸਾਡੇ ਕੋਲ ਇਕ ਸੁਦ੍ਰਿੜ੍ਹ ਸਾਹਿਤਕ ਪਰੰਪਰਾ ਦੇ ਨਾਲ ਨਾਲ ਅਨੇਕਾਂ ਵਰਗਾਂ ਦੀਆਂ ਸਮੱਸਿਆਵਾਂ ਵੀ ਹਨ। ਇਸ ਲਈ ਲੋੜ ਹੈ ਸਾਹਿਤਕਾਰ, ਦਰਸ਼ਕ ਤੇ ਫ਼ਿਲਮਸਾਜ਼ ਇਸ ਸੰਬੰਧੀ ਵਿਚਾਰ ਕਰਨ ਤਾਂ ਜੋ ਅਸੀਂ ਬਿਹਤਰੀਨ ਕਲਾ ਫ਼ਿਲਮਾਂ ਦਾ ਨਿਰਮਾਣ ਕਰ ਸਕੀਏ। ਅਖ਼ੀਰ 'ਚ ਡਾ. ਰਵੇਲ ਸਿੰਘ ਨੇ ਨੌਜਵਾਨ ਸਾਹਿਤ ਚਿੰਤਕਾਂ ਵੱਲੋਂ ਇਸ ਬਾਰੇ 'ਚ ਕੀਤੀਆਂ ਨਵੀਆਂ ਗੱਲਾਂ ਨੂੰ ਤਸਦੀਕ ਕਰਦਿਆਂ ਇਸ ਨਵੇਂ ਰੁਝਾਨ ਨੂੰ ਸਾਰਥਕ ਦੱਸਿਆ ਅਤੇ ਇਸ ਆਨਲਾਈਨ ਪ੍ਰੋਗਰਾਮ ਨਾਲ ਜੁੜੇ ਵਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ✧✧



ਡਾ. ਮਹਿੰਦਰ ਸਿੰਘ



ਰਾਜੀਵ ਸ਼ਰਮਾ



ਗੌਰਵ



ਸੰਦੀਪ ਕੌਰ



ਦਵਿੰਦਰ ਸਿੰਘ



ਡਾ. ਰਵੇਲ ਸਿੰਘ

---

➢ escapism. Indeed, it was the only safe anchorage in a fleeting world. Life and religion to him were one, i.e., greater fellowship, greater friendship. His oft-quoted hymn must be written on the heart of every righteous person:

> *"Put the support of God's lotus feet into thy heart, and unite it with them.*
> *The mind desireth evil, but it should be restrained, by the Guru's instruction.*
> *Give thy head rather than forsake those whom thou hast undertaken to befriend.*
> *Guru Tegh Bahadur said, give thy life, but Relinquish not thy faith."*

The pride, the self-will, the intolerance and the enormities of Aurangzeb could not crush the spirit of Guru Tegh Bahadur, who was a man of faith and faith that moves mountains, is the need of the hour. Let us always stand upright and have the strength of our convictions and honesty of purpose. The future is only with those who are of firm determination and have great grit. Stamina, physical and moral, is the foundation of true citizenship in a democracy. The ninth Guru come to develop the right type of courage and bravery among the Indians. So long as the world believes in religious freedom his name will be cherished with reverence and gratitude.

Courtesy : *The Panjab Past And Present*

# Dr. N.S. Kapany
## Scientist, Patron of Art and Promoter of Sikh Studies

Dr. Narinder Singh Kapany, acclaimed art collector, philanthropist, scientist, researcher, academician, entrepreneur, who was widely known as the "father of fiber optics", passed away peacefully in Woodside, California, U.S.A., on December 3rd, 2020.



**Mrs Gursharan Kaur (wife of Dr. Manmohan Singh) presenting momento to Dr. N.S. Kapany. Others in the picture are Dr. Nina Puri, Mrs Anita Singh, Gen. Joginder Singh, S. Harinder Singh, S. Jatinder Bir Singh and Dr. Mohinder Singh.**

His deep appreciation of the arts inspired his vision to establish the first permanent Sikh art gallery in the United States at the Asian Art Museum in San Francisco (2003) and in Canada at the Montreal Museum of Fine Art (2019).

Born on 31st Oct. 1926 in Moga (Punjab), India, he grew up in the Himalayan foothill city of Dehradun. He married Satinder Kaur while working on his doctorate at the Imperial College in London, The couple soon migrated to the United States living at Rochester and Chicago before moving to San Francisco in 1961, where he started his trail blazing entrepreneurial and academic career.

Dr. Kapany and his wife Satinder painstakingly and lovingly put together, over decades, a premier collection of Sikh art, when no other such collection existed. The collection displays the wide range of Sikh artistic expression from the 17th to the 21st century. It has been documented in a visually rich volume "Sikh art from the Kapany Collection" edited by the Dr. Paul Michael Taylor and Sonia Dhami and published by the Sikh Foundation and the Smithsonian in 2017.

Dr. Kapany established Sikh Foundation in 1967, pioneering the display of Sikh arts at the first Sikh art exhibit in the west, "Splendors of the Punjab" at the Asian Art Museum in San Francisco (1992). This was followed by the blockbuster exhibit "The Arts of the Sikh Kingdoms" at the Victoria and Albert Museum in London (1999) traveling to the Royal Ontario Museum in Toronto and the Asian Art Museum in San Francisco. The Rubin Museum in New York (2006) showcased "I See No Stranger". The Smithsonian Institution in Washington DC displayed "Sikhs-Legacy of the Punjab" (2004-2007) which travelled to the Santa Barbara Museum of Natural History (2009), Fresno Art Museum (2012) and the Institute of Texan Culture in San Antonio (2016).

A champion for contemporary artists, Dr. Kapany included within his collection numerous works by the renowned painters Arpana Caur and Devender Singh, recently showcased in the exhibit "Expressions of Divinity" at The Triton Museum of Art in Santa Clara (2019).

Dr. Kapany was greatly instrumental in promoting Sikh Studies in the United States. Beginning with the first ever conference of Sikh Studies in 1976 in Berkley organized by distinguished Professor Mark Juergensmeyer, a chair for Sikh Studies was set-up in the University of California, Santa Barbara. Dr. Kapany was closely associated with the academic activities of Bhai Vir Singh Sahitya Sadan and was honored for his contribution during Bhai Vir Singh's Birthday celebration on 5th December, 2015.

His numerous awards and honors include The Excellence 2000 Award from the USA Pan-Asian American Chamber of Commerce in 1998, the Pravasi Bharati Award by the Indian Government in 2008, the Fiat Lux Award by University of California in 2008 and the Asia Game Changer West Award in 2019.


Narinder Singh Kapany was a man of enormous intellect, boundless energy and a loud, and infectious laugh. His passionate commitment to art & science left an indelible impact on Punjabi life and letters. Himself an artist, his "Dynoptic Sculptures" were displayed at the Exploratorium in San Francisco (1970), Monterey, Chicago and Palo Alto.

He spent the last year writing his memoirs, The Man Who Bent Light, which The Sikh Foundation hopes to make available by Spring 2021.

*Based on information supplied by Sonia Dhami, Trustee of the Sikh Foundation*

# ਝਲਕੀਆਂ ਜਨਮ-ਦਿਵਸ, ਦਸੰਬਰ 2020


ਕਰੋਨਾ ਸੰਕਟ ਦੇ ਚਲਦਿਆਂ ਸੰਤ-ਕਵੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ 148ਵੇਂ ਜਨਮ-ਦਿਵਸ ਨੂੰ ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਆਨਲਾਈਨ ਆਯੋਜਿਤ ਕੀਤਾ ਗਿਆ। ਇੱਥੇ ਅਸੀਂ ਤਸਵੀਰਾਂ ਰਾਹੀਂ ਜਨਮ-ਦਿਵਸ ਦੀਆਂ ਪ੍ਰਮੁੱਖ ਝਲਕੀਆਂ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ।




ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਸੰਗਤਾਂ ਨੂੰ ਮੁੱਢਲੇ ਸ਼ਬਦ ਕਹਿੰਦੇ ਹੋਏ।




ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀ ਗੁਰਬਾਣੀ ਦੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹੋਏ।




ਰਾਗੀ ਭਾਈ ਕੁਲਤਾਰ ਸਿੰਘ ਦਾ ਜਥਾ ਅਕਾਲੀ ਬਾਣੀ ਦਾ ਰਸਭਿੰਨਾ ਕੀਰਤਨ ਕਰਦਾ ਹੋਇਆ।




ਸਿੱਖ ਰਿਸਰਚ ਇੰਸਟੀਟਿਊਟ, ਅਮਰੀਕਾ ਦੇ ਸਹਿ-ਸੰਸਥਾਪਕ ਅਤੇ ਸੀਨੀਅਰ ਫੈਲੋ ਸ. ਹਰਿੰਦਰ ਸਿੰਘ ਭਾਈ ਵੀਰ ਸਿੰਘ ਦੀ ਦੇਣ ਨੂੰ ਬਿਆਨ ਕਰਦੇ ਹੋਏ।



ਸਰਦਾਰਨੀ ਸਿਮਲ ਜੋਗਿੰਦਰ ਸਿੰਘ ਗੁਰੂ ਨਾਨਕ ਚਮਤਕਾਰ 'ਚੋਂ ਸ਼ੀਹਾਂ-ਉੱਪਲ ਦੀ ਸਾਖੀ ਭਾਈ ਸਾਹਿਬ ਦੇ ਸੰਦੇਸ਼ ਰੂਪ 'ਚ ਪੜ੍ਹਦੇ ਹੋਏ।



ਸਰਦਾਰਨੀ ਤਰਨਜੀਤ ਕੌਰ ਅਤੇ ਤਮਨਪ੍ਰੀਤ ਕੌਰ ਭਾਈ ਸਾਹਿਬ ਦੀ ਕਵਿਤਾ 'ਧੰਨ ਗੁਰੂ ਨਾਨਕ ਤੂੰ' ਦਾ ਗਾਇਨ ਕਰਦੇ ਹੋਏ।

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੯, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੯੯}

[ਵਡਹੰਸੁ ਮਹਲਾ ੩, ਛੰਤ ੩-੫]

**ਮੂਲ** | **ਅਰਥ**

**ਵਡਹੰਸੁ ਮਹਲਾ ੩॥ ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ॥ ਆਪਣੈ ਘਰਿ ਤੂ ਸੁਖਿ ਵਸਹਿ ਪੋਹਿ ਨ ਸਕੈ ਜਮਕਾਲੁ ਜੀਉ॥ ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੈ ਸਬਦਿ ਲਿਵ ਲਾਏ॥ ਸਦਾ ਸਚਿ ਰਤਾ ਮਨੁ ਨਿਰਮਲੁ ਆਵਣੁ ਜਾਣੁ ਰਹਾਏ॥ ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮਕਾਲਿ॥ ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ॥੧॥**

ਹੇ ਮੇਰੇ ਮਨ ਜੀਓ! ਤੂੰ ਸਦਾ ਸੱਚ ਨੂੰ ਸੰਮ੍ਹਾਲਦਾ (=ਸਿਮਰਦਾ) ਰਹੁ। (ਐਉਂ) ਤੂੰ ਆਪਣੇ ਸਰੂਪ ਵਿਚ ਸੁੱਖ ਨਾਲ ਵਸਦਾ ਰਹੇਂਗਾ, (ਫੇਰ ਤੇਰੇ ਉੱਤੇ) ਜਮ ਕਾਲ ਦਾ ਅਸਰ ਨਹੀਂ ਹੋਏਗਾ। (ਅਰਥਾਤ) ਜਮ ਜੋ ਕਾਲ (ਰੂਪੀ) ਜਾਲ (=ਫਾਹੀ ਲੋਕਾਂ ਨੂੰ ਪਾਉਂਦਾ ਹੈ ਤੇਰੀ ਵੱਲ) ਤੱਕ (ਬੀ) ਨਹੀਂ ਸਕੇਂਗਾ, (ਜੇ ਤੂੰ) ਸੱਚੇ ਸ਼ਬਦ ਦੁਆਰਾ (ਵਾਹਿਗੁਰੂ ਵਿਚ) ਲਿਵ ਲਾਈ ਰਖੇਂਗਾ ਤਾਂ। (ਉਹ) ਮਨ (ਜੋ) ਸਦਾ ਸੱਚ ਵਿਚ ਰੱਤਾ (ਰਹਿੰਦਾ ਹੈ) ਪਵਿਤ੍ਰ (ਹੋ ਜਾਂਦਾ ਹੈ), (ਉਸ ਦਾ) ਜਨਮ ਮਰਨ ਮੁੱਕ ਜਾਂਦਾ ਹੈ, (ਪਰ ਪ੍ਰਭੂ ਨੂੰ ਛੱਡਕੇ ਜੋ) ਮਨਮੁਖ (ਸ੍ਰਿਸ਼ਟੀ) ਦੂਜੇ ਦੇ ਪਿਆਰ ਵਿਚ ਭਰਮ ਕਰਕੇ ਖ਼ਰਾਬ ਹੋ ਰਹੀ ਹੈ (ਉਸ ਨੂੰ) ਜਮ ਕਾਲ ਨੇ ਮੋਹ ਲਿਆ ਹੈ। (ਗੁਰੂ) ਨਾਨਕ (ਦੇਵ ਜੀ) ਆਖਦੇ ਹਨ ਹੇ ਮੇਰੇ ਮਨ! ਸੁਣ, ਤੂੰ ਸਦਾ ਸੱਚ (=ਸੱਚੇ ਨਾਮ) ਨੂੰ ਸਮ੍ਹਾਲ (=ਸਿਮਰ)॥੧॥

**ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ॥ ਜੋ ਭਾਵੈ ਸੋ ਭੁੰਚਿ ਤੂ ਗੁਰਮੁਖਿ ਨਦਰਿ ਨਿਹਾਲਿ॥ ਗੁਰਮੁਖਿ ਨਦਰਿ ਨਿਹਾਲਿ ਮਨ ਮੇਰੇ ਅੰਤਰਿ ਹਰਿ ਨਾਮੁ ਸਖਾਈ॥ ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ॥ ਬਿਨੁ ਨਾਵੈ ਕੋ ਛੂਟੈ ਨਾਹੀ ਸਭ ਬਾਧੀ ਜਮ ਕਾਲਿ॥ ਨਾਨਕ ਅੰਤਰਿ ਤੇਰੈ ਨਿਧਾਨੁ ਹੈ ਤੂ ਬਾਹਰਿ ਵਸਤੁ ਨ ਭਾਲਿ॥੨॥**

ਹੇ ਮੇਰੇ ਮਨਾ! ਤੇਰੇ ਅੰਦਰ (ਆਤਮਾ ਵਸਤੂ ਦਾ) ਖ਼ਜ਼ਾਨਾ ਹੈ, (ਤੂੰ) ਬਾਹਰ (ਉਹ) ਵਸਤੂ ਨੂੰ ਨਾ ਢੂੰਡ। (ਸੋ ਜੇ ਤੂੰ ਗੁਰਮੁਖ ਹੋ ਕੇ (ਅੰਦਰ ਹੀ ਨਦਰਿ=) ਵਾਹਿਗੁਰੂ ਨੂੰ (ਨਿਹਾਲ) ਵੇਖ ਲਵੇਂ ਤਾਂ ਜੋ ਤੂੰ ਚਾਹਵੇਂਗਾ ਓਹੋ ਖਾਣ ਨੂੰ ਮਿਲੇਗਾ। ਹੇ ਮੇਰੇ ਮਨ! ਗੁਰਮੁਖ ਹੋ ਕੇ ਅੰਦਰ (ਹੀ) ਨਦਰੀ ਨੂੰ ਵੇਖ (ਕੇ ਸਮਝ ਲੈ ਕਿ) ਹਰੀ ਨਾਮ ਹੀ ਮਿਤ੍ਰ ਹੈ। ਮਨਮੁਖ, ਗਯਾਨ ਤੋਂ ਸੱਖਣੇ (ਇਕ ਤਰ੍ਹਾਂ) ਅੰਨ੍ਹੇ ਹਨ, (ਓਹ) ਦੂਜੇ ਭਾਵ ਵਿਚ ਘੁੱਸੇ ਫਿਰਦੇ ਹਨ। ਸਾਰੀ (ਸ੍ਰਿਸ਼ਟੀ) ਜਮ ਕਾਲ ਨੇ ਬੰਨ੍ਹੀ ਹੋਈ ਹੈ, ਕੋਈ ਨਾਮ ਤੋਂ ਬਿਨਾਂ (ਉਸ ਤੋਂ) ਛੁਟਕਾਰਾ ਨਹੀਂ ਪਾਉਂਦਾ। ਹੇ ਨਾਨਕ! ਤੇਰੇ ਅੰਦਰ ਖ਼ਜ਼ਾਨਾ ਹੈ ਤੂੰ (ਉਸ ਖ਼ਜ਼ਾਨੇ ਦੀ) ਵਸਤੂ ਬਾਹਰ ਨਾ ਭਾਲ॥੨॥

**ਮਨ ਮੇਰਿਆ ਜਨਮੁ ਪਦਾਰਥੁ ਪਾਇ ਕੈ ਇਕਿ ਸਚਿ ਲਗੇ ਵਾਪਾਰਾ॥ ਸਤਿਗੁਰੁ ਸੇਵਨਿ ਆਪਣਾ ਅੰਤਰਿ ਸਬਦੁ ਅਪਾਰਾ॥ ਅੰਤਰਿ ਸਬਦੁ ਅਪਾਰਾ ਹਰਿ ਨਾਮੁ ਪਿਆਰਾ ਨਾਮੇ ਨਉ ਨਿਧਿ ਪਾਈ॥ ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ ਦੂਜੈ ਪਤਿ ਗਵਾਈ॥ ਹਉਮੈ ਮਾਰਿ ਸਚਿ ਸਬਦਿ ਸਮਾਣੇ ਸਚਿ ਰਤੇ ਅਧਿਕਾਈ॥ ਨਾਨਕ ਮਾਣਸ ਜਨਮੁ ਦੁਲੰਭੁ ਹੈ ਸਤਿਗੁਰਿ ਬੂਝ ਬੁਝਾਈ॥੩॥**

ਹੇ ਮੇਰੇ ਮਨਾਂ! (ਮਾਨੁੱਖਾ) ਜਨਮ (ਰੂਪੀ) ਪਦਾਰਥ ਪਾ ਕੇ ਇਕ (ਪੁਰਖ) ਸੱਚੇ ਵਪਾਰ ਵਿਚ ਲਗੇ ਹੋਏ ਹਨ। (ਉਹ) ਆਪਣੇ ਸਤਿਗੁਰੂ ਦੀ ਸੇਵਾ ਕਰਦੇ ਹਨ, ਉਨ੍ਹਾਂ ਦੇ ਅੰਦਰ ਅਪਾਰ ਸ਼ਬਦ (ਵਸਦਾ) ਹੈ। (ਉਨ੍ਹਾਂ ਦੇ) ਅੰਦਰ ਅਪਾਰ ਸ਼ਬਦ ਹੈ, ਉਨ੍ਹਾਂ ਨੂੰ ਹਰੀ ਨਾਮ ਪਿਆਰਾ ਹੈ, ਨਾਮ ਤੋਂ ਹੀ ਉਨ੍ਹਾਂ ਨੇ ਨੌਂ ਨਿਧਾਂ (ਭਾਵ ਸਾਰੇ ਸੁਖ) ਪਾ ਲਏ ਹਨ, (ਪਰ) ਮਨਮੁਖ (ਲੋਕਾਂ) ਨੂੰ ਮਾਇਆ ਦਾ ਮੋਹ ਚੰਬੜ ਰਿਹਾ ਹੁੰਦਾ ਹੈ, (ਇਸ ਕਰਕੇ) ਦੁਖ ਵਿਚ ਦੁਖੀ ਹੁੰਦੇ ਹਨ, (ਹਰੀ ਤੋਂ ਛੁਟ) ਹੋਰ ਵਿਚ (ਲਗਣ ਕਰਕੇ ਉਨ੍ਹਾਂ ਨੇ ਆਪਣੀ) ਅਬਰੋ ਗੁਆ ਲਈ ਹੈ। (ਪਰ ਇਨ੍ਹਾਂ ਦੇ ਟਾਕਰੇ ਤੇ ਜੋ) ਹਉਮੈ ਨੂੰ ਮਾਰਕੇ ਸੱਚੇ ਸ਼ਬਦ ਵਿਚ ਸਮਾਏ ਹਨ, (ਓਹੋ) ਸੱਚ ਵਿਚ ਰੱਤੇ ਰਹਿਣ ਕਰਕੇ (ਸਮਾਈ ਤਕ) ਵਧੇ ਹਨ, (ਭਾਵ ਵਧ ਵਧ ਕੇ ਪਹੁੰਚੇ ਹਨ)। ਹੇ ਨਾਨਕ! ਮਾਨੁੱਖਾ ਜਨਮ ਦੁਰਲਭ ਹੈ, (ਇਹ) ਸਮਝ ਸਤਿਗੁਰੂ ਨੇ ਬੁਝਾਈ ਹੈ॥੩॥

**ਮਨ ਮੇਰੇ ਸਤਿਗੁਰੁ ਸੇਵਨਿ ਆਪਣਾ ਸੇ ਜਨ ਵਡਭਾਗੀ ਰਾਮ॥ ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ॥ ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪੁ ਪਛਾਣਿਆ॥ ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ॥ ਇਕ ਕਾਮਣਿ ਹਿਤਕਾਰੀ ਮਾਇਆ ਮੋਹ ਪਿਆਰੀ ਮਨਮੁਖ ਸੋਇ ਰਹੇ ਅਭਾਗੇ॥ ਨਾਨਕ ਸਹਜੇ ਸੇਵਹਿ ਗੁਰੁ ਅਪਣਾ ਸੇ ਪੂਰੇ ਵਡਭਾਗੇ॥੪॥੩॥**

ਹੇ ਮੇਰੇ ਮਨ! (ਜੋ) ਆਪਣਾ ਸਤਿਗੁਰੂ ਸੇਂਵਦੇ ਹਨ ਓਹ ਪੁਰਖ ਵੱਡੇ ਭਾਗਾਂ ਵਾਲੇ ਹਨ। ਜੋ ਆਪਣਾ ਮਨ ਮਾਰਦੇ ਹਨ ਓਹ ਪੁਰਖ ਵੈਰਾਗਵਾਨ ਹਨ। ਓਹ ਪੁਰਖ ਵੈਰਾਗ ਵਾਲੇ ਹਨ (ਜਿਨ੍ਹਾਂ ਦੀ) ਲਿਵ ਸੱਚ ਵਿਚ ਲੱਗੀ ਹੈ (ਤੇ ਜਿਨ੍ਹਾਂ ਨੇ) ਆਪਣਾ ਆਪ ਪਛਾਣ ਲਿਆ ਹੈ। (ਉਨ੍ਹਾਂ ਦੀ) ਮਤਿ ਅਟੱਲ ਤੇ ਅਤਿ ਗੂੜੀ (=ਗਹਿਰੀ ਤੇ ਦ੍ਰਿੜ) ਹੁੰਦੀ ਹੈ, (ਕਿਉਂਕਿ ਉਨ੍ਹਾਂ ਨੇ) ਗੁਰੂ ਦੁਆਰਾ ਸਹਿਜੇ ਨਾਮ ਜਪਿਆ ਹੁੰਦਾ ਹੈ। (ਇਸ ਦੇ ਟਾਕਰੇ ਤੇ) ਇਕ (ਐਸੇ ਲੋਕ ਹਨ ਜੋ) ਇਸਤ੍ਰੀ ਪ੍ਰੇਮੀ ਹਨ, ਮੋਹ ਵਿਚ (ਫਾਥਿਆਂ ਨੂੰ) ਮਾਇਆ (ਹੀ) ਪਿਆਰੀ (ਲਗਦੀ ਹੈ, ਓਹ) ਭਾਗਹੀਣ ਮਨਮੁਖ ਸੁੱਤੇ ਹੀ ਰਹਿੰਦੇ ਹਨ, (ਭਾਵ ਅਗਯਾਨ ਵਿਚ ਉਮਰ ਗੁਆ ਲੈਂਦੇ ਹਨ)। ਹੇ ਨਾਨਕ! ਵੱਡੇ ਤੇ ਪੂਰੇ ਭਾਗਾਂ ਵਾਲੇ ਉਹੋ ਹਨ ਸੋ ਸਹਜ ਵਿਚ ਹੀ ਆਪਣੇ ਗੁਰੂ ਦੀ ਸੇਵਾ ਕਰਦੇ ਹਨ॥੪॥੩॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਭਾਈ ਵੀਰ ਸਿੰਘ ਦਾ 148ਵਾਂ ਜਨਮ-ਦਿਵਸ ਮਨਾਇਆ ਗਿਆ

ਨਵੀਂ ਦਿੱਲੀ, 5 ਦਸੰਬਰ : ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਭਾਈ ਸਾਹਿਬ ਦਾ 148ਵਾਂ ਜਨਮ-ਦਿਵਸ ਕਰੋਨਾ ਸੰਕਟ ਦੇ ਚਲਦਿਆਂ ਆਨਲਾਈਨ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸੰਗਤਾਂ ਨੂੰ ਭਾਈ ਸਾਹਿਬ ਦੇ 148ਵੇਂ ਜਨਮ-ਦਿਵਸ ਦੀ ਵਧਾਈ ਦਿੰਦਿਆਂ ਇਸ ਦਾ ਬਾਖੂਬੀ ਸੰਚਾਲਨ ਕੀਤਾ। ਆਰੰਭ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਵੱਲੋਂ ਸਹਿਜ ਪਾਠ ਦੇ ਭੋਗ ਤੋਂ ਬਾਅਦ ਕੀਰਤਨ ਤੇ ਨਾਮ-ਸਿਮਰਨ ਕੀਤਾ ਗਿਆ। ਇਸ ਤੋਂ ਬਾਅਦ ਸਰਦਾਰਨੀ ਸਿਮਲ ਜੋਗਿੰਦਰ ਸਿੰਘ ਨੇ ਭਾਈ ਸਾਹਿਬ ਦਾ ਸੰਦੇਸ਼ ਪੜ੍ਹਿਆ। ਉਪਰੰਤ ਸਰਦਾਰਨੀ ਤਰਨਜੀਤ ਕੌਰ ਨੇ ਭਾਈ ਸਾਹਿਬ ਦੀ ਕਵਿਤਾ ਦਾ ਗਾਇਨ ਕੀਤਾ। ਗੁਰਦੁਆਰਾ ਸੀਸ ਗੰਜ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੁਲਤਾਰ ਸਿੰਘ ਦੇ ਜਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਉਪਰੰਤ ਸਿੱਖ ਕੌਮ ਦੇ ਪ੍ਰਬੁੱਧ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਨੇ ਕਥਾ-ਵਿਆਖਿਆ ਰਾਹੀਂ ਭਾਈ ਸਾਹਿਬ ਦੇ ਜੀਵਨ ਤੇ ਚਾਨਣਾ ਪਾਇਆ। ਉਹਨਾਂ ਅਨੁਸਾਰ ਗੁਰਬਾਣੀ ਦੀ ਬਹੁਵਿਧ ਸਾਹਿਤ ਰੂਪਾਂ 'ਚ ਵਿਆਖਿਆ ਕਰਦੀਆਂ ਭਾਈ ਵੀਰ ਸਿੰਘ ਦੀਆਂ ਲਿਖਤਾਂ ਨੇ ਉਸ ਸਮੇਂ ਕਈਆਂ ਦੇ ਜੀਵਨ 'ਚ ਤਬਦੀਲੀ ਲਿਆਂਦੀ ਤੇ ਅੱਜ ਵੀ ਸਾਨੂੰ ਬਹੁਤ ਲੋੜ ਹੈ ਕਿ ਅਸੀਂ ਭਾਈ ਸਾਹਿਬ ਦੀਆਂ ਲਿਖਤਾਂ ਨੂੰ ਪੜ੍ਹੀਏ-ਵਾਚੀਏ ਤਾਂ ਜੋ ਕੌਮੀ ਵਿਕਾਸ ਠੀਕ ਲੀਹਾਂ ਤੇ ਤੁਰ ਸਕੇ। ਇਸ ਤੋਂ ਬਾਅਦ ਸਿੱਖ ਰਿਸਰਚ ਇੰਸਟੀਟਿਊਟ, ਅਮਰੀਕਾ ਦੇ ਸਹਿ-ਸੰਸਥਾਪਕ ਅਤੇ ਸੀਨੀਅਰ ਫੈਲੋ ਸ. ਹਰਿੰਦਰ ਸਿੰਘ ਨੇ ਭਾਈ ਸਾਹਿਬ ਦੀ ਤਤਕਾਲੀ ਦੇਣ ਨੂੰ ਉਜਾਗਰ ਕਰਦਿਆਂ ਕਿਹਾ ਕਿ ਉਹਨਾਂ ਉਸ ਵੇਲੇ ਨਿਘਾਰ ਦੀ ਅਵਸਥਾ ਵਲ ਜਾ ਰਹੇ ਸਮਾਜ ਨੂੰ ਉਸਦੀ ਭਾਸ਼ਾ ਤੇ ਵਿਰਸੇ ਨਾਲ ਜੋੜਦਿਆਂ ਉਹਨਾਂ ਸਮੱਸਿਆਵਾਂ ਦੇ ਜੋ ਹਲ ਸੁਝਾਏ, ਉਹ ਅੱਜ ਵੀ ਪ੍ਰਸੰਗਿਕ ਹਨ। ਪੁਰਾਤਨ ਨੂੰ ਨਵੀਨ ਨਾਲ ਜੋੜਨ ਵਾਲੇ ਭਾਈ ਵੀਰ ਸਿੰਘ ਨੇ ਸਮਾਜ 'ਚ ਵਿਰਸੇ ਦੀ ਜਾਗ ਲਾਉਣ ਦਾ ਕੰਮ ਸਾਹਿਤ ਦੇ ਬਹੁਵਿਧ ਰੂਪਾਂ 'ਚ ਭਾਸ਼ਾ ਦੀ ਪ੍ਰਬੀਨਤਾ ਨਾਲ ਕੀਤਾ ਜਿਸ ਸਦਕਾ ਸਮਾਜ ਵਿਚ ਜਾਗ੍ਰਤੀ ਆਈ ਤੇ ਹਰ ਵਰਗ ਤੇ ਇਹਨਾਂ ਲਿਖਤਾਂ ਦਾ ਅਸਰ ਹੋਇਆ ਜਿਸ ਸਦਕਾ ਕੌਮੀ ਵਿਕਾਸ ਨੇ ਗਤੀ ਫੜੀ। ਇਸ ਤੋਂ ਬਾਅਦ ਸਰਦਾਰਨੀ ਗੁਰਸ਼ਰਨ ਕੌਰ ਨੇ ਭਾਈ ਸਾਹਿਬ ਦੀ ਅਧਿਆਤਮਕ ਦੇਣ ਨੂੰ ਚਿਤਵਦਿਆਂ ਅਤੇ ਕਰੋਨਾ ਸੰਕਟ ਵੇਲੇ ਸਦਨ ਵੱਲੋਂ ਕੀਤੇ ਇਸ ਆਨਲਾਈਨ ਪ੍ਰੋਗਰਾਮ ਦੇ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਸਦਨ ਦੀਆਂ ਪ੍ਰਕਾਸ਼ਨਾਵਾਂ ਅਤੇ **ਖਾਲਸਾ ਸਮਾਚਾਰ** ਦੇ ਵਿਸ਼ੇਸ਼ ਅੰਕ ਦਾ ਲੋਕ-ਅਰਪਨ ਕੀਤਾ। ਅਖ਼ੀਰ 'ਚ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਨੇ ਅਨੰਦ ਸਾਹਿਬ ਦਾ ਪਾਠ ਕੀਤਾ। ਅਰਦਾਸ ਅਤੇ ਹੁਕਮਨਾਮੇ ਤੋਂ ਬਾਅਦ ਸਦਨ ਦੇ ਸਟਾਫ਼ ਨੇ ਮਿਲ ਕੇ ਨਾਮ-ਸਿਮਰਨ ਕੀਤਾ ਅਤੇ ਲੰਗਰ ਛਕਿਆ। ਇਸ ਮੌਕੇ ਦੇ ਸ਼ਾਂ-ਵਿਦੇਸ਼ਾਂ 'ਚ ਬੈਠੀਆਂ ਸੰਗਤਾਂ ਨੇ ਇਸ ਆਨਲਾਈਨ ਪ੍ਰੋਗਰਾਮ ਦਾ ਲਾਹਾ ਲੈਂਦਿਆਂ ਇਸਦਾ ਭਰਪੂਰ ਆਨੰਦ ਮਾਣਿਆ। ✧✧




**ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਗੁਰਬਾਣੀ ਦੀ ਰੌਸ਼ਨੀ 'ਚ ਭਾਈ ਵੀਰ ਸਿੰਘ ਜੀ ਦੀ ਪੰਥਕ ਦੇਣ ਨੂੰ ਉਜਾਗਰ ਕਰਦੇ ਹੋਏ।**




**ਸਰਦਾਰਨੀ ਗੁਰਸ਼ਰਨ ਕੌਰ, ਡਾ. ਮਹਿੰਦਰ ਸਿੰਘ ਦੀ ਚਿੱਤਰ-ਪੁਸਤਕ 'ਗੁਰੂ ਨਾਨਕ : ਲਾਈਫ਼ ਐਂਡ ਲੈਗੇਸੀ' ਦਾ ਲੋਕ-ਅਰਪਨ ਕਰਦੇ ਹੋਏ।**